ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030217
Available online at: www.armaan.org.in
DOI: https://doi.org/10.64119/armaan.vol.3.issue2.17

# SAAKADAARI SAMBANDHAA'N DE PARSANG VICH 'KEERNEYAA'N' DA ADHYAN

(VIAH RAAHI'N HOND VICH AAYE SAAKADAARI SAMBANDHAA'N DE PARSANG VICH)

# ਸਾਕਾਦਾਰੀ ਸੰਬੰਧਾਂ ਦੇ ਪ੍ਰਸੰਗ ਵਿੱਚ 'ਕੀਰਨਿਆਂ' ਦਾ ਅਧਿਐਨ

(ਵਿਆਹ ਰਾਹੀਂ ਹੋਂਦ ਵਿੱਚ ਆਏ ਸਾਕਾਦਾਰੀ ਸੰਬੰਧਾਂ ਦੇ ਪ੍ਰਸੰਗ ਵਿੱਚ)

**ਗੁਰਜੀਤ ਕੌਰ** (Gurjeet Kaur)
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)
**ਪੰਜਾਬੀ ਯੂਨੀਵਰਸਿਟੀ ਕਾਲਜ, ਜੈਤੋ, ਫਰੀਦਕੋਟ (ਪੰਜਾਬ)**
Email ID: gjeetbansal@gmail.com **ਮੋਬਾਈਲ**: +91-94633-34633

**ਸਾਰ (Abstract)**

*ਸਾਕਾਦਾਰੀ ਸਮਾਜਿਕ ਸੰਬੰਧਾਂ ਦਾ ਅਜਿਹਾ ਤਾਣਾ ਹੈ ਜੋ ਰਿਸ਼ਤਿਆਂ ਨੂੰ ਇੱਕ ਸਾਰ ਅਤੇ ਸੰਗਠਿਤ ਪੈਟਰਨ ਦਿੰਦਾ ਹੋਇਆ ਇਹਨਾਂ ਨੂੰ ਅਧਿਕਾਰਾਂ ਅਤੇ ਕਰਤੱਵਾਂ ਨਾਲ ਸੰਬੰਧਿਤ ਕਰਕੇ ਇਕ ਲੜੀ ਵਿਚ ਪਰੋ ਦਿੰਦਾ ਹੈ। ਇਹ ਸਾਕਾਦਾਰੀ ਪ੍ਰਣਾਲੀ ਰਿਸ਼ਤਿਆਂ ਦਾ ਆਧਾਰ ਸਿਰਜਦੀ ਹੈ ਜਿੱਥੋਂ ਸਾਕ ਸਕੀਰੀਆਂ ਦਾ ਇਤਿਹਾਸ ਚੱਲਣਾ ਆਰੰਭ ਹੁੰਦਾ ਹੈ। ਸਾਕਾਦਾਰੀ ਸੰਬੰਧਾਂ ਦੀ ਪ੍ਰਣਾਲੀ ਸਮਾਜਿਕ ਪ੍ਰਬੰਧ ਦੀ ਸਭ ਤੋਂ ਮਹੱਤਵਪੂਰਨ ਪ੍ਰਣਾਲੀ ਹੁੰਦੀ ਹੈ। ਮਨੁੱਖ ਦੀ ਹਰ ਯੋਗਤਾ ਅਤੇ ਸਮਰੱਥਾ ਉਸ ਦੀ ਸਮਾਜਿਕ ਹੋਂਦ ਉੱਪਰ ਨਿਰਭਰ ਕਰਦੀ ਹੈ। ਇਹ ਸੰਬੰਧ ਵੱਖ-ਵੱਖ ਸੱਭਿਆਚਾਰਕ ਕੀਮਤਾਂ ਸਿਰਜਦੇ ਹੋਏ ਆਪਣਾ ਕਾਰਜ ਕਰਦੇ ਰਹਿੰਦੇ ਹਨ ਅਤੇ ਸਮਾਜ ਨੂੰ ਸਹੀ ਦਿਸ਼ਾ ਵੱਲ ਤੋਰਨ ਲਈ ਆਧਾਰ ਭੂਮੀ ਦਾ ਕੰਮ ਕਰਦੇ ਹਨ। ਸਮਾਜਿਕ ਬੰਧਨਾਂ ਰਾਹੀਂ ਪਰਿਵਾਰ ਹੋਂਦ ਵਿੱਚ ਆਉਂਦਾ ਹੈ ਅਤੇ ਇਸ ਤੋਂ ਅੱਗੇ ਹੋਰ ਰਿਸ਼ਤੇ ਹੋਂਦ ਵਿੱਚ ਆਉਂਦੇ ਹਨ। ਸਾਹਿਤ ਜਦੋਂ ਮਨੁੱਖੀ ਮਨ ਦਾ ਵਰਨਣ ਕਰਦਾ ਹੈ ਤਾਂ ਉਸ ਸਮੇਂ ਇਹ ਮਨੁੱਖੀ ਰਿਸ਼ਤਿਆਂ ਤੋਂ ਅਭਿੱਜ ਨਹੀਂ ਰਹਿ ਸਕਦਾ। ਫਿਰ ਲੋਕ ਸਾਹਿਤ ਤਾਂ ਹੈ ਹੀ ਨਿਰੋਲ ਮਨੁੱਖੀ ਭਾਵਨਾਵਾਂ ਦਾ ਪ੍ਰਗਟਾਅ। ਲੋਕ ਸਾਹਿਤ ਦਾ ਹੀ ਇਕ ਰੂਪ ਹਨ -ਲੋਕ ਗੀਤ। ਲੋਕ ਗੀਤ ਮਨੁੱਖੀ ਜ਼ਿੰਦਗੀ ਦੇ ਸੱਚ ਨੂੰ ਬਿਆਨਦੇ ਹਨ। ਲੋਕ ਗੀਤਾਂ ਦੇ ਵੱਖ-ਵੱਖ ਰੂਪਾਂ ਵਿੱਚ ਲੋਰੀਆਂ, ਸੁਹਾਗ, ਘੋੜੀਆਂ, ਟੱਪੇ, ਬੋਲੀਆਂ, ਛੰਦ-ਪਰਾਗੇ, ਕੀਰਨੇ, ਅਲਾਹੁਣੀਆਂ ਆਦਿ ਸ਼ਾਮਿਲ ਹਨ। ਜਿੱਥੇ ਲੋਰੀਆਂ, ਸੁਹਾਗ, ਘੋੜੀਆਂ ਆਦਿ ਖ਼ੁਸ਼ੀ ਦੇ ਮੌਕਿਆ ਨਾਲ ਸੰਬੰਧਿਤ ਹਨ ਉੱਥੇ ਕੀਰਨੇ ਤੇ ਅਲਾਹੁਣੀਆਂ ਦਾ ਸੰਬੰਧ ਮੌਤ ਵਰਗੇ ਦੁਖਦਾਈ ਸਮੇਂ ਨਾਲ ਹੈ। ਇਸ ਪੇਪਰ ਦਾ ਮੌਤ ਨਾਲ ਸੰਬੰਧਿਤ ਕੀਰਨਿਆਂ ਰਾਹੀਂ ਵੱਖ ਵੱਖ ਸੱਭਿਆਚਾਰਕ ਤੇ ਸਮਾਜਿਕ ਭੂਮਿਕਾਵਾਂ ਵਿੱਚ ਸਾਕਾਦਾਰੀ ਸੰਬੰਧਾਂ ਨੂੰ ਪਛਾਣਨਾ ਹੈ।*

***ਕੀਵਰਡ (Keyword): ਸਾਕਾਦਾਰੀ, ਕੀਰਨੇ, ਦੁੱਖ, ਪੀੜਾ, ਵਿਛੋੜਾ, ਸਮਾਜਿਕ, ਸਭਿਆਚਾਰਿਕ, ਭੂਮਿਕਾ।***

'ਸਾਕਾਦਾਰੀ' ਸ਼ਬਦ ਦੇ ਸਾਡੇ ਮਨ ਵਿੱਚ ਆਉਂਦਿਆਂ ਹੀ ਅਸੀਂ ਇਸ ਦੇ ਅਰਥਾਂ ਨੂੰ ਜਾਨਣ ਲਈ ਉਤਸੁਕ ਹੋ ਜਾਂਦੇ ਹਾਂ। ਸਾਕਾਦਾਰੀ ਨੂੰ ਸਮਾਜਿਕ ਸੰਗਠਨ ਦਾ ਕੇਂਦਰ ਬਿੰਦੂ ਕਿਹਾ ਜਾਂਦਾ ਹੈ। ਸਾਕਾਦਾਰੀ ਪ੍ਰਣਾਲੀ ਹਰੇਕ ਸਮਾਜ ਨੂੰ ਇਕ ਸੁਚੱਜੇ ਪ੍ਰਬੰਧ ਵਿੱਚ ਬੰਨ੍ਹ ਕੇ ਠੀਕ ਦਿਸ਼ਾ ਵਿੱਚ ਤੋਰਨ ਲਈ ਆਧਾਰ ਭੂਮੀ ਦਾ ਕੰਮ ਕਰਦੀ ਹੈ। ਇਕ ਨਸਲ ਨੂੰ ਵਧਾਉਣ ਲਈ ਜੀਵ ਵਿਗਿਆਨਕ ਸੰਬੰਧਾਂ ਦੀ ਲੋੜ ਹੈ। ਇਨ੍ਹਾਂ ਸੰਬੰਧਾਂ ਤੋਂ ਹੀ ਅੱਗੇ ਹੋਰ ਸੰਬੰਧ ਹੋਂਦ ਵਿੱਚ ਆਉਂਦੇ ਹਨ, ਅਗਲੀਆਂ ਪੀੜ੍ਹੀਆਂ ਹੋਂਦ ਵਿੱਚ ਆਉਂਦੀਆਂ ਹਨ।

ਹਰ ਸੱਭਿਆਚਾਰ ਵਿੱਚ ਮਨੁੱਖੀ ਵੰਸ਼ ਪ੍ਰਣਾਲੀ ਨੂੰ ਅੱਗੇ ਤੋਰਨ ਦੀਆਂ ਆਪੋ ਆਪਣੀਆਂ ਪ੍ਰਵਾਨਤ ਵਿਧੀਆਂ ਹਨ। ਵਿਆਹ ਸੰਬੰਧ ਇਸਦਾ ਮੂਲ ਹਨ। ਵਿਆਹ ਦੁਆਰਾ ਔਰਤ ਮਰਦ ਜੋੜੇ ਦੇ ਲਿੰਗ ਸੰਬੰਧਾਂ ਨੂੰ ਪ੍ਰਵਾਨਗੀ ਮਿਲਦੀ ਹੈ। ਇਸ ਪ੍ਰਕਾਰ ਸਮੁੱਚੀ ਸਾਕਾਦਾਰੀ ਪ੍ਰਣਾਲੀ ਦਾ ਕੇਂਦਰ ਬਿੰਦੂ 'ਵਿਆਹ' ਹੈ। ਵਿਆਹ ਦੁਆਰਾ ਪਰਿਵਾਰ ਹੋਂਦ ਵਿੱਚ ਆਉਂਦਾ ਹੈ ਅਤੇ ਔਲਾਦ ਦੇ ਜਨਮ ਦੁਆਰਾ ਪੂਰਨ ਹੁੰਦਾ ਹੈ। ਇਸ ਪਰਿਵਾਰ ਵਿੱਚ ਜਨਮ ਦੁਆਰਾ ਇਕ ਜੀਵ ਪ੍ਰਵੇਸ਼ ਕਰਦਾ ਹੈ ਦੂਜੇ ਪਾਸੇ ਮੌਤ ਰਾਹੀਂ ਇਕ ਜੀਵ ਚਲਾ ਜਾਂਦਾ ਹੈ। ਇਸ ਪਰਿਵਾਰ ਦੇ ਵਿਕਸਿਤ ਹੋਣ ਦੇ ਨਾਲ ਹੋਰ ਨਵੀਆਂ ਸ਼ਾਖ਼ਾਵਾਂ ਉੱਭਰਦੀਆਂ ਹਨ ਜਿਨ੍ਹਾਂ ਦੇ ਆਪਸ ਵਿੱਚ ਸੰਬੰਧ ਹੁੰਦੇ ਹਨ। ਇਹਨਾਂ ਸੰਬੰਧਾਂ ਦੀ ਪ੍ਰਣਾਲੀ ਨੂੰ ਹੀ *'ਸਾਕਾਦਾਰੀ ਪ੍ਰਣਾਲੀ'* ਕਿਹਾ ਜਾਂਦਾ ਹੈ। ਇਸ ਪ੍ਰਕਾਰ ਸਾਕਾਦਾਰੀ ਦੀ ਮੂਲ ਚੂਲ ਔਰਤ ਹੀ ਹੈ। ਔਰਤ ਦੀ ਦੂਜੇ ਪਰਿਵਾਰ ਵਿੱਚ ਸਥਾਪਤੀ ਹੀ


Received: 16 May 2025 Accepted: 05 June 2025 Published: 13 June 2025

ਸਮਾਜਿਕ ਵਿਕਾਸ ਦਾ ਆਧਾਰ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਵਿਆਹ ਰਾਹੀਂ ਰਿਸ਼ਤੇ ਹੋਂਦ ਵਿੱਚ ਆਉਂਦੇ ਹਨ ਅਤੇ ਸੰਤਾਨ ਦੇ ਜਨਮ ਨਾਲ ਵਿਕਸਿਤ ਹੁੰਦੇ ਹਨ। ਡਾ. ਇਕਬਾਲ ਸਿੰਘ ਭੋਮਾ ਅਨੁਸਾਰ, "ਰਿਸ਼ਤੇ ਉਦੋਂ ਹੋਂਦ ਵਿੱਚ ਆਉਂਦੇ ਹਨ ਜਦੋਂ 'ਸਾਡੀ ਕੁੜੀ', 'ਘਰ ਦੀ ਧੀ' ਅਤੇ ਸੱਸ ਸਹੁਰੇ ਲਈ 'ਸਾਡੀ ਨੂੰਹ' ਬਣ ਜਾਂਦੀ ਹੈ। ਇਥੋਂ ਹੀ ਪਤੀ-ਪਤਨੀ ਦੋ ਪ੍ਰਮੁੱਖ ਸੂਤਰ ਹੋਂਦ ਵਿੱਚ ਆਉਂਦੇ ਹਨ ਜਿਨ੍ਹਾਂ ਦੁਆਲੇ ਸਾਰਾ ਰਿਸ਼ਤੇਦਾਰੀ ਢਾਚਾ ਘੁੰਮਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ :

*ਵਿਆਹੀ ਇਸਤਰੀ ਦਾ ਜੀਵਨ ਦੋ ਚੂਲਾਂ, ਪੇਕੇ ਅਤੇ ਸਹੁਰੇ ਦੁਆਲੇ ਘੁੰਮਦਾ ਹੈ। ਪੇਕਿਆਂ ਵਿੱਚ ਉਸ ਦੇ ਆਪਣੇ ਲਹੂ ਦੀ ਮਹਿਕ ਹੁੰਦੀ ਹੈ ਤੇ ਸਹੁਰਿਆਂ ਵਿੱਚ ਪਤੀ ਦੇ ਲਹੂ ਦੀ। ਇੱਕ ਵਿੱਚ ਉਸ ਦਾ ਦਿਲ ਹੁੰਦਾ ਹੈ ਤੇ ਦੂਜੀ ਵਿੱਚ ਪ੍ਰਾਣ।* [1]

ਭਾਵੇਂ ਇਸਤਰੀ ਨੂੰ ਦੋਹਰੀ ਰਿਸ਼ਤੇਦਾਰੀ ਵਿੱਚ ਬੱਝਣਾ ਪੈਂਦਾ ਹੈ ਪਰ ਵਿਆਹ ਪ੍ਰਕ੍ਰਿਆ ਰਾਹੀਂ ਕੁਦਰਤੀ ਤੌਰ ਤੇ ਹੀ ਉਸ ਲਈ ਉਸ ਦਾ ਪਤੀ ਹੀ ਸਭ ਕੁਝ ਹੋ ਜਾਂਦਾ ਹੈ। ਇਨ੍ਹਾਂ ਰਿਸ਼ਤਿਆਂ ਦਾ ਉਲੇਖ ਸਾਡੇ ਲੋਕ-ਗੀਤਾਂ ਵਿੱਚ ਮਿਲਦਾ ਹੈ। ਲੋਕ ਗੀਤ ਮਨੁੱਖੀ ਜ਼ਿੰਦਗੀ ਦੇ ਸੱਚ ਨੂੰ ਬਿਆਨਦੇ ਹਨ। ਲੋਕ ਗੀਤਾਂ ਦੇ ਵੱਖ-ਵੱਖ ਰੂਪਾਂ ਵਿੱਚ ਲੋਰੀਆਂ, ਸੁਹਾਗ, ਘੋੜੀਆਂ, ਟੱਪੇ, ਬੋਲੀਆਂ, ਛੰਦ-ਪਰਾਗੇ, ਕੀਰਨੇ, ਅਲਾਹੁਣੀਆਂ ਆਦਿ ਸ਼ਾਮਿਲ ਹਨ। ਜਿੱਥੇ ਲੋਰੀਆਂ, ਸੁਹਾਗ, ਘੋੜੀਆਂ ਆਦਿ ਖੁਸ਼ੀ ਦੇ ਮੌਕਿਆ ਨਾਲ ਸੰਬੰਧਿਤ ਹਨ ਉੱਥੇ ਕੀਰਨੇ ਤੇ ਅਲਾਹੁਣੀਆਂ ਦਾ ਸੰਬੰਧ ਮੌਤ ਵਰਗੇ ਦੁਖਦਾਈ ਸਮੇਂ ਨਾਲ ਹੈ।

ਹਰ ਤਰ੍ਹਾਂ ਦੇ ਲੋਕ ਗੀਤਾਂ ਵਿੱਚ ਰਿਸ਼ਤੇਦਾਰੀ ਦਾ ਵਰਨਣ ਕੁਦਰਤੀ ਹੈ ਅਤੇ ਅਲਾਹੁਣੀਆਂ ਅਤੇ ਕੀਰਨਿਆਂ ਵਿੱਚ ਵੀ ਇਸਦਾ ਉਲੇਖ ਮਿਲਦਾ ਹੈ। ਇਕ ਲੜਕੀ ਦਾ ਆਪਣੇ ਪਰਿਵਾਰ ਨਾਲੋਂ ਵਿਛੋੜਾ ਅੱਤ ਦੇ ਦੁੱਖ ਦੀ ਅਵਸਥਾ ਹੈ, ਇਸੇ ਦੁੱਖ ਦੇ ਸਮੇਂ ਵਿੱਚ ਹੀ ਉਹ ਲੋਕ ਗੀਤਾਂ ਦੀ ਸਿਰਜਨਾ ਕਰਦੀ ਹੈ। ਲੋਕਗੀਤਾਂ ਦੀ ਸਿਰਜਨਾ ਜਾਂ ਤਾਂ ਅੱਤ ਦੀ ਖੁਸ਼ੀ ਵਿੱਚੋਂ ਹੁੰਦਾ ਹੈ ਜਾਂ ਅੱਤ ਦੇ ਗ਼ਮ ਵਿੱਚੋਂ। ਲੜਕੀ ਲਈ ਮਾਂ-ਬਾਪ ਅਤੇ ਭੈਣ-ਭਰਾਵਾਂ ਦਾ ਵਿਛੋੜਾ ਅਸਹਿ ਹੈ। ਜਿਉਂਦੀ ਜਾਨ ਲਈ ਇਹ ਵਿਛੋੜਾ ਸਹਿਣਯੋਗ ਹੈ। ਇਸ ਤੋਂ ਵੀ ਵੱਡਾ ਵਿਛੋੜਾ ਮੌਤ ਦਾ ਹੈ। ਮੌਤ ਨਾਲ ਮਨੁੱਖ ਸਮਾਜ ਵਿੱਚ ਰਹਿੰਦੇ ਮਿੱਤਰਾਂ, ਰਿਸ਼ਤੇਦਾਰਾਂ ਅਤੇ ਆਪਣੇ ਪਰਿਵਾਰ ਨਾਲੋਂ ਸਦਾ ਲਈ ਰਿਸ਼ਤਾ ਤੋੜ ਜਾਂਦਾ ਹੈ, ਜਿਸ ਦੇ ਜੁੜਨ ਦੀ ਫੇਰ ਉਮੀਦ ਨਹੀਂ ਹੁੰਦੀ। ਜਿਉਂਦੀ ਜਾਨ ਲਈ ਇਹ ਭਾਰੀ ਵਿਗੋਚਾ ਹੈ ਜੋ ਉਸ ਨੂੰ ਅੱਤ ਦੇ ਸੋਗ ਦੀ ਅਵਸਥਾ ਵਿੱਚ ਸੁੱਟ ਦੇਂਦਾ ਹੈ। ਅਜਿਹੇ ਸਮੇ ਦਿਲ ਵਿਚਲੇ ਅੱਤ ਦੇ ਦੁੱਖ ਦੇ ਭਾਵਾਂ ਦੀ ਅਭਿਵਿਅਕਤੀ ਕੀਰਨਿਆਂ ਰਾਹੀਂ ਕੀਤੀ ਜਾਂਦੀ ਹੈ। ਕੀਰਨਿਆਂ ਰਾਹੀਂ ਨਿੱਜੀ ਦੁੱਖ ਨੂੰ ਬੋਲ ਕੇ ਪ੍ਰਗਟ ਕੀਤੀ ਜਾਂਦਾ ਹੈ।

*ਮੌਤ ਦਾ ਦੁੱਖ, ਦੁੱਖ ਦੀ ਸਿਖਰ ਹੈ। ਅਜਿਹੇ ਸਮੇਂ ਉੱਤੇ ਔਰਤਾਂ ਜਿਨ੍ਹਾਂ ਗੀਤਾਂ ਦੀ ਸਿਰਜਣਾ ਕਰਦੀਆਂ ਹਨ, ਉਹਨਾਂ ਨੂੰ 'ਕੀਰਨੇ' ਕਿਹਾ ਜਾਂਦਾ ਹੈ। ਕੀਰਨਾ ਮੌਤ ਦੇ ਦੁੱਖ ਦੀ ਅਭਿਵਿਅਕਤੀ ਦਾ ਸਾਧਨ ਹੈ।*[2]

ਕੀਰਨੇ ਦੀ ਪਰਿਭਾਸ਼ਾ ਡਾ. ਨਾਹਰ ਸਿੰਘ ਨੇ 'ਲੋਕ ਕਾਵਿ ਦੀ ਸਿਰਜਣ ਪ੍ਰਕ੍ਰਿਆ' ਪੁਸਤਕ ਵਿੱਚ ਇਉਂ ਦਿੱਤੀ ਹੈ,

*"ਕੀਰਨਾ, ਹੌਂਕੇ ਅਤੇ ਲੇਰ ਦੇ ਅੰਤਰਗਤ ਸ਼ਿਕਾਇਤ ਦੇ ਲਹਿਜੇ ਵਿੱਚੋਂ ਉਚਰਿਤ ਅਜਿਹਾ ਪ੍ਰਗੀਤਕ ਗੀਤ-ਰੂਪ ਹੈ ਜੋ ਥੀਮਕ ਟਕਰਾਉ ਦੀ ਕਾਵਿਕ ਜੁਗਤ ਉੱਤੇ ਆਧਾਰਿਤ 'ਮੈਂ' ਤੇ 'ਤੂੰ' ਦੇ ਇਕਾਗਰ ਸੰਬੰਧ ਪਰ ਸਵੈ-ਸੰਬੋਧਨ ਰਾਹੀਂ ਥੀਮਕ ਟਕਰਾਉ ਨੂੰ ਸਿਰਫ਼ ਟਕਰਾਉ/ਤਨਾਉ ਦੀ ਸਥਿਤੀ ਵਿੱਚ ਪੇਸ਼ ਕਰਦਾ ਹੈ। ਇਸ ਦੀ ਭਾਸ਼ਾ ਦਾ ਰੁਖ ਮੁਹਾਵਰੇ ਵੱਲ ਹੁੰਦਾ ਹੈ। ਇਸ ਵਿੱਚ ਬਹੁਤ ਵਾਰ ਰੂਪਕ ਸਿਰਜਨਾ ਤੇ ਮਾਨਵੀਕਰਨ ਦੀਆਂ ਕਾਵਿ-ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ।"*[3]

ਕੀਰਨੇ ਨੂੰ ਇਕੱਲੀ ਸੁਆਣੀ ਉਚਾਰਦੀ ਹੈ। ਕੀਰਨਾ ਉਚਾਰਦੇ ਸਮੇਂ ਕੀਰਨਾਕਾਰ ਦਾ ਮ੍ਰਿਤਕ ਨਾਲ ਕੀ ਰਿਸ਼ਤਾ ਹੈ, ਉਸ ਨੂੰ ਵੀ ਦਰਸਾਇਆ ਜਾਂਦਾ ਹੈ।

ਇੱਥੇ ਸਾਡੇ ਅਧਿਐਨ ਦਾ ਵਿਸ਼ਾ ਕੀਰਨਿਆਂ ਰਾਹੀਂ ਸਾਕਾਦਾਰੀ ਸੰਬੰਧਾਂ ਦੀ ਪੇਸ਼ਕਾਰੀ ਹੈ ਅਤੇ ਪੇਪਰ ਦੀ ਸੀਮਾ ਦੇ ਅੰਤਰਗਤ ਵਿਆਹ ਨਾਲ ਸੰਬੰਧਿਤ ਮੁਢਲੇ ਰਿਸ਼ਤੇ ਹੀ ਵਿਚਾਰੇ ਜਾਣਗੇ।

**ਪਤੀ-ਪਤਨੀ ਦਾ ਰਿਸ਼ਤਾ:**

ਵਿਆਹ ਦੀ ਰਸਮ ਤੋਂ ਬਾਅਦ ਇਕ ਲੜਕੀ ਇਕ ਔਰਤ ਵਿੱਚ ਤਬਦੀਲ ਹੋ ਜਾਂਦੀ ਹੈ। ਇਹ ਇਕ ਆਦਮੀ ਦੀ ਪਤਨੀ ਬਣ ਜਾਂਦੀ ਹੈ ਅਤੇ ਪਤੀ ਦੇ ਰੂਪ ਵਿੱਚ ਉਹ ਆਦਮੀ ਉਸ ਦੇ ਸਭ ਤੋਂ ਨੇੜੇ ਹੁੰਦਾ ਹੈ। ਪਤੀ-ਪਤਨੀ ਦੇ ਸੰਯੋਗ ਤੋਂ ਹੀ ਰਿਸ਼ਤਿਆਂ ਦਾ ਪ੍ਰਵਾਹ ਅੱਗੇ ਚਲਦਾ ਹੈ। ਦੋਨੋਂ ਇੱਕ ਦੂਜੇ ਦੇ ਪੂਰਕ ਹਨ। ਇਕ ਤੋਂ ਬਿਨਾਂ ਦੂਜੇ ਦੀ ਹੋਂਦ ਅਧੂਰੀ ਹੈ। ਪਤੀ ਤੇ ਪਤਨੀ ਜੀਵਨ ਰੂਪੀ ਗੱਡੀ ਦੇ ਦੋ ਪਹੀਆਂ ਦੀ ਤਰ੍ਹਾਂ ਹਨ। ਇਹ ਦੋਨੋਂ ਅਜਿਹੇ ਸੂਤਰ ਹਨ ਜਿਨ੍ਹਾਂ ਦੇ ਦੁਆਲੇ, ਸਾਰੀ ਸਾਕਾਦਾਰੀ ਦਾ ਢਾਂਚਾ ਘੁੰਮਦਾ ਹੈ। ਪੰਜਾਬੀ ਸਮਾਜ ਵਿੱਚ ਵੀ ਭਾਵੇਂ ਆਦਮੀ ਤੇ ਔਰਤ ਰਲ ਕੇ ਜੀਵਨ ਰੂਪੀ ਗੱਡੀ ਨੂੰ ਚਲਾਉਂਦੇ

ਹਨ ਪਰ ਫਿਰ ਵੀ ਪੰਜਾਬੀ ਔਰਤ ਆਪਣੇ ਪਤੀ ਤੇ ਪੂਰੀ ਤਰ੍ਹਾਂ ਨਾਲ ਨਿਰਭਰ ਹੈ। ਉਸਦੀ ਆਪਣੀ ਹੋਂਦ ਵੀ ਪਤੀ ਦੀ ਹੋਂਦ ਦੇ ਨਾਲ ਜੁੜੀ ਹੋਈ ਹੈ। ਵਿਆਹ-ਪ੍ਰਥਾ ਰਾਹੀਂ ਆਦਮੀ ਤੇ ਔਰਤ ਪਤੀ-ਪਤਨੀ ਬਣ ਜਾਂਦੇ ਹਨ। ਪਤੀ ਦਾ ਇਕ ਪਲ ਦਾ ਵਿਛੋੜਾ ਵੀ ਪਤਨੀ ਨੂੰ ਕਬੂਲ ਨਹੀਂ। ਜੇਕਰ ਪਤੀ ਸਦਾ ਲਈ ਉਸ ਦਾ ਸਾਥ ਛੱਡ ਜਾਵੇ ਤਾਂ ਇਸ ਤੋਂ ਗ਼ਮਗੀਨ ਸਥਿਤੀ ਉਸਦੀ ਜ਼ਿੰਦਗੀ ਵਿੱਚ ਹੋਰ ਨਹੀ ਹੋ ਸਕਦੀ। ਬਿਰਹਾ ਦੀਆ ਵਾਟਾਂ ਬੜੀਆਂ ਲੰਮੀਆਂ ਹੁੰਦੀਆਂ ਹਨ। ਨਾਲੇ ਲੰਮੀਆਂ ਤੇ ਨਾਲੇ ਕੰਡਿਆਲੀਆਂ। ਉਹਨਾਂ ਵਾਟਾਂ ਉੱਤੇ ਜ਼ਿੰਦਗੀ ਦੇ ਪੈਰ ਜਦੋਂ ਪੈਂਦੇ ਹਨ, ਹੋਠਾਂ ਉੱਤੇ ਚੀਸਾਂ ਜੰਮ ਕੇ ਰਹਿ ਜਾਂਦੀਆਂ ਹਨ।[4] ਉਸ ਨਾਲ ਤਾਂ ਉਸਦੀ ਜਨਮ-ਜਨਮ ਦੀ ਸਾਂਝ ਸੀ ਪਰ ਅੱਜ ਉਸ ਦਾ ਪਤੀ ਇਕੱਲਿਆਂ ਹੀ ਪਤਾ ਨਹੀਂ ਕਿੱਥੇ ਚਲਾ ਗਿਆ ਹੈ ਜਿੱਥੋਂ ਉਸ ਦਾ ਦੁਬਾਰਾ ਆਉਣ ਨਹੀਂ ਹੋਣਾ। ਅਜਿਹੇ ਭਾਵਾਂ ਨੂੰ ਪਤਨੀ ਕੀਰਨਿਆਂ ਰਾਹੀਂ ਵਿਅਕਤ ਕਰਦੀ ਹੈ:

*ਜੀ ਮੇਰੇ ਜਨਮ ਜਨਮ ਦੇ ਸਾਥੀ ਜੀ,*
*ਅੱਜ 'ਕੱਲੇ ਨੇ ਕਿੱਧਰ ਦੀ ਕਰੀ ਤਿਆਰੀ ਜੀ*
*ਜੇ ਤੁਸਾਂ ਮੈਨੂੰ ਇਉਂ ਛੱਡ ਕੇ ਜਾਣਾ ਸੀ,*
*ਮੈਂ ਤੱਤੀ ਕੁਛ ਖਾ ਕੇ ਮਰ ਜਾਂਦੀ*
*ਵੇ ਮੇਰੇ ਸਿਰ ਦਿਆ ਸਾਈਆਂ।*

ਉਹ ਪਤੀ ਦੇ ਵਿਛੋੜੇ ਨਾਲੋਂ ਮੌਤ ਨੂੰ ਤਰਜੀਹ ਦਿੰਦੀ ਹੈ। ਅਜਿਹੀ ਜ਼ਿੰਦਗੀ ਨਾਲੋਂ ਕੁਛ ਖਾ ਕੇ ਮਰ ਜਾਣਾ ਚੰਗਾ ਸਮਝਦੀ ਹੈ। ਆਪਣੇ ਪਤੀ ਨਾਲ ਗਿਲਾ ਕਰਦੀ ਹੈ ਕਿ ਉਹ ਕਿਉਂ ਸਦਾ ਦੀ ਨੀਂਦ ਸੌਂ ਗਿਆ ਹੈ, ਜਦੋਂ ਕਿ ਉਸ ਨੂੰ ਪਤਾ ਹੈ ਕਿ ਅਜਿਹੀ ਨੀਂਦ ਸੌਣ ਤੋਂ ਬਾਅਦ ਉਸ ਨੂੰ ਕਦੇ ਜਾਗ ਨਹੀਂ ਆਉਣੀ:

*ਚੰਦ ਕਿਉਂ ਸੌਂ ਗਿਆ ਲੰਮੀਆਂ ਤਾਣ ਕੇ ਵੇ*
*ਵੇ ਤੈਨੂੰ ਸੁੱਤੇ ਨੂੰ ਜਾਗ ਨੀ ਆਉਣੀ*
*ਵੇ ਰਾਜੇ ਸਹੁਰੇ ਦਿਆ ਜਾਇਆ।*

ਕੀਰਨਾਕਾਰ ਨੇ ਦੁਖਾਂਤ ਦੀ ਸਥਿਤੀ ਨੂੰ ਪੇਸ਼ ਕੀਤਾ ਹੈ ਕਿ ਉਸਦਾ ਪਤੀ ਲੰਮੀ ਨੀਂਦੇ ਸੌਂ ਗਿਆ ਹੈ ਅਤੇ ਉਸਨੇ ਹੁਣ ਕਦੇ ਵੀ ਅੱਖ ਨਹੀਂ ਖੋਲ੍ਹਣੀ । ਇਹ ਅੱਤ ਦੇ ਦੁੱਖ ਦੀ ਅਵਸਥਾ ਹੈ। ਇਥੇ ਸੰਬੋਧਨ ਮੁੱਖ ਸ਼ਬਦ 'ਚੰਦ' ਮ੍ਰਿਤਕ ਦੀ ਮਹੱਹਤਾ ਨੂੰ ਬਿਆਨ ਕਰਦਾ ਹੈ ਕਿ ਔਰਤ ਲਈ ਉਸ ਦਾ ਪਤੀ ਚੰਦ ਦੀ ਨਿਆਈਂ ਹੈ। ਉਸਦੇ ਨਾਲ ਹੀ ਉਸ ਨੂੰ ਸਾਰਾ ਜਗ ਚਾਨਣ-ਮੁਨਾਰਾ ਲੱਗਦਾ ਹੈ ਪਰ ਉਸ ਦੇ ਜਾਣ ਤੋਂ ਬਾਅਦ ਸਾਰਾ ਜੱਗ ਹਨੇਰ ਹੋ ਜਾਵੇਗਾ-

*ਤੈਂ ਬਾਝਾਂ ਪੈਗੀ ਰਾਤ ਹਨੇਰੀ ਵੇ*
*ਵੇ ਰਾਜੇ ਸਹੁਰੇ ਦੇ ਜਾਇਆ।*

ਇੱਥੇ ਪਤਨੀ ਨੇ ਵਿਛੜ ਗਏ ਆਪਣੇ ਪਤੀ ਨੂੰ ਇਉਂ ਆਵਾਜ਼ ਦਿੱਤੀ ਹੈ ਜਿਵੇਂ ਉਹ ਹੁਣੇ ਬੋਲ ਪਵੇਗਾ ਤੇ ਜਵਾਬ ਦੇਵੇਗਾ। ਮੋਏ ਬੰਦੇ ਨੂੰ ਜਿਉਂਦਿਆਂ ਵਾਲੇ ਸੰਬੋਧਨਾਂ ਰਾਹੀਂ ਆਵਾਜ਼ਾਂ ਮਾਰ ਕੇ ਬੁਲਾਉਣ ਵਿੱਚ ਹੀ ਟਕਰਾਓ ਸਥਿਤੀ ਆਪਣੇ ਸਿਖਰ ਸੀਮਾ ਤੱਕ ਪੁੱਜਦੀ ਹੈ।[5]

*ਚੰਦ ਬੱਚਿਆਂ ਤੇਰਿਆਂ ਨੂੰ ਖੰਭ ਆ ਜਾਣਗੇ ਵੇ*
*ਵੇ ਉਹ ਤਾਂ ਲੈ ਲੈਣਗੇ ਉਡਾਰੀ ਵੇ*
*ਵੇ ਰੰਡੀਆਂ ਦੇ ਦਿਨ ਨੀ ਭੌਣੇ*
*ਵੇ ਰਾਜੇ ਸਹੁਰੇ ਦਿਆ ਜਾਇਆ।*

ਪਤੀ ਨੂੰ ਮੋੜਨ ਲਈ ਉਹ ਹਰ ਹੀਲਾ ਕਰਦੀ ਹੈ, ਕਦੇ ਬੱਚਿਆਂ ਦਾ ਵਾਸਤਾ ਪਾਉਂਦੀ ਹੈ ਅਤੇ ਕਦੇ ਘਰ ਦੇ ਕੰਮਾਂ ਦਾ ਵਾਸਤਾ ਪਾਉਂਦੀ ਹੈ। ਉਸਨੂੰ ਇਹ ਅਹਿਸਾਸ ਦਿਵਾਉਂਦੀ ਹੈ ਕਿ ਜਿਨ੍ਹਾਂ ਬਾਲਾਂ ਦੇ ਮਾਪੇ ਮਰ ਜਾਂਦੇ ਹਨ, ਉਨ੍ਹਾਂ ਨੂੰ ਕੋਈ ਨੇੜੇ ਨਹੀਂ ਲੱਗਣ ਦਿੰਦਾ। ਫਿਰ ਅਚਾਨਕ ਉਸ ਦੀ ਸੋਚ ਦੂਜੇ ਪਾਸੇ ਉਡਾਰੀ ਮਾਰ ਜਾਂਦੀ ਹੈ ਕਿ ਬੱਚਿਆਂ ਨੇ ਤਾਂ ਉਸ ਦੇ ਸਿਰ ਤੇ ਪਲ ਜਾਣਾ ਹੈ ਤੇ ਆਪੋ-ਅਪਣੇ ਧੰਦਿਆਂ ਵਿੱਚ ਰੁੱਝ ਜਾਣਾ ਹੈ ਪਰ ਉਸ ਨੂੰ ਤਾਂ ਸਾਰੀ ਉਮਰ ਰੰਡੇਪਾ ਕੱਟਣਾ ਪੈਣਾ ਹੈ। ਉਹ ਜੱਗ – ਜਹਾਨ ਦੀ ਰਹਿਣਯੋਗ ਹੈ ਜਿੱਥੇ ਉਸਦਾ ਪਤੀ ਹੈ। ਪਤੀ ਤੋਂ ਬਿਨਾਂ ਇਕ ਪਲ ਦਾ ਜੀਵਨ ਵੀ ਉਸ ਨੂੰ ਕਬੂਲ ਨਹੀਂ । ਪਤੀ ਦੇ ਰਾਜ ਵਿੱਚ ਉਸਨੇ ਐਸ਼ ਕੀਤੀ ਹੈ, ਪਰ ਪੁੱਤਾਂ ਦਾ ਰਾਜ 'ਤੁਰਕਾਂ ਦੇ ਠਾਣੇ' ਦੀ ਤਰ੍ਹਾਂ ਹੈ।

ਉਪਰੋਕਤ ਵਰਨਣ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪਤੀ–ਪਤਨੀ ਗ੍ਰਹਿਸਥ ਰੂਪੀ ਗੱਡੀ ਦੇ ਦੋ ਪਹੀਏ ਹਨ। ਪਤਨੀ, ਪਤੀ ਨੂੰ ਨਿਗਰਾਨ ਬਣਾ ਕੇ ਜ਼ਿੰਦਗੀ ਬਸਰ ਕਰਦੀ ਹੈ ਅਤੇ ਉਸਦੀ ਵਿਸ਼ਵਾਸਪਾਤਰ ਬਣ ਕੇ ਉਸ ਦੀ ਸੇਵਾ ਕਰਨੀ ਆਪਣਾ ਫਰਜ਼ ਸਮਝਦੀ ਹੈ। ਉਸਦੀ ਮੌਤ ਉਸਨੂੰ ਕਬੂਲ ਨਹੀਂ। ਪਤੀ ਭਾਵੇਂ ਲੱਖ ਵੈਲੀ ਐਬੀ ਹੋਵੇ ਪਤਨੀ ਲਈ ਸਿਰ ਦਾ ਸਾਈਂ ਹੀ ਹੁੰਦਾ ਹੈ। ਉਸ ਤੋਂ ਬਿਨਾਂ ਪਤਨੀ ਦਾ ਇਕ ਪਲ ਵੀ ਗੁਜ਼ਾਰਾ ਨਹੀਂ।

**ਸੱਸ-ਨੂੰਹ ਦਾ ਰਿਸ਼ਤਾ**:

ਵਿਆਹ ਦੁਆਰਾ ਹੋਂਦ ਵਿੱਚ ਆਏ ਰਿਸ਼ਤਿਆਂ ਵਿੱਚ ਸੱਸ-ਨੂੰਹ ਦਾ ਰਿਸ਼ਤਾ ਅਹਿਮ ਸਥਾਨ ਰੱਖਦਾ ਹੈ। ਲੜਕੀ ਵਿਆਹ ਤੋਂ ਬਾਅਦ ਜਦੋਂ ਆਪਣੇ ਪਤੀ ਦੇ ਘਰ ਜਾਂਦੀ ਹੈ ਤਾਂ ਉੱਥੇ ਪਤੀ ਦੀ ਮਾਂ ਉਸ ਦੀ ਸੱਸ ਬਣ ਜਾਂਦੀ ਹੈ।

ਉਹ ਆਪ ਨੂੰਹ ਦਾ ਦਰਜਾ ਗ੍ਰਹਿਣ ਕਰ ਜਾਂਦੀ ਹੈ। ਸੱਸ ਅਤੇ ਨੂੰਹ ਦਾ ਰਿਸ਼ਤਾ ਪੰਜਾਬੀ ਸਮਾਜ ਵਿੱਚ ਤਣਾਉ-ਗ੍ਰਸਤ ਹੈ। ਦੋਹਾਂ ਵਿੱਚ ਤਣਾਉ ਕੁਦਰਤੀ ਹੈ। ਭਾਵੇਂ ਇਸ ਰਿਸ਼ਤੇ ਵਿੱਚ ਟਕਰਾਉ ਉਪਜਦੇ ਹੀ ਰਹਿੰਦੇ। ਹਨ, ਪਰ ਮੌਤ ਇਕ ਅਜਿਹਾ ਸਮਾਂ ਹੈ ਜਦੋਂ ਵੈਰੀ ਵੀ ਮਿੱਤਰ ਬਣ ਜਾਂਦੇ ਹਨ। ਅਜਿਹੇ ਸਮੇਂ ਤੇ ਤਾਂ ਦੁਸ਼ਮਣ ਵੀ ਰੋ ਪੈਂਦੇ ਹਨ। ਫਿਰ ਨੂੰਹ ਤਾਂ ਹੈ ਹੀ ਉਸ ਦੇ ਪੁੱਤ ਦੀ ਵਿਆਂਹਦੜ। ਭਾਵੇਂ ਸੱਸ ਦੀ ਮੌਤ ਦੀਆਂ ਨੂੰਹ ਸੁੱਖਣਾ ਸੁੱਖਦੀ ਹੈ ਪਰ ਫਿਰ ਵੀ ਅਸਲ ਵਿੱਚ ਉਸਨੂੰ ਸੱਸ ਦੀ ਮੌਤ ਕਬੂਲ ਨਹੀਂ, ਕਿਉਂਕਿ ਉਸਨੂੰ ਸੱਸ ਦੇ ਸਿਰ ਤੇਕਿਸੇ ਵੀ ਕੰਮ ਦਾ ਫ਼ਿਕਰ ਨਹੀਂ ਹੁੰਦਾ। ਉਹ ਪੂਰੀਆਂ ਮੌਜਾਂ ਮਾਣਦੀ ਹੈ। ਇਸ ਗੱਲ ਦਾ ਪ੍ਰਮਾਣ ਸੱਸ ਦੀ ਮੌਤ ਉੱਤੇ ਨੂੰਹ ਵੱਲੋਂ ਪਾਏ ਜਾਂਦੇ ਕੀਰਨੀਆਂ ਤੋਂ ਮਿਲਦਾ ਹੈ-

*ਤੂੰ ਸਾਨੂੰ ਕੀਹਦੇ ਆਸਰੇ ਛੱਡ ਗੀ ਨੀ*  
*ਨੀ ਮੈਨੂੰ ਵਣਜਣ ਵਾਲੀਏ ਅੰਮੜਿਏ*  
*ਨੀ ਮੈਂ ਤੈਨੂੰ ਹੁਣ ਕਿੱਥੋਂ ਸੱਦਾਂ ਨੀ*  
*ਨੀ ਮੇਰੀਆਂ ਪਲ-ਪਲ ਦੀਆਂ ਲੋੜਾਂ ਵਾਲੀਏ।*  
*ਮਾਂ ਤੂੰ ਮੇਰਾ ਕੋਠੀ ਦਾ ਜਿੰਦਾ ਕੁੜੇ,*  
*ਤੇਰੇ ਸਿਰ ਤੇ ਮੈਂ ਕਿਸੇ ਚੀਜ਼ ਦੀ ਗਰਜ ਨੀ ਰੱਖਦੀ ਨੀ*  
*ਨੀ ਮੇਰੀ ਹਾਣੀਏ ਅੰਮੜੀਏ।*  
*ਤੇਰੇ ਸਿਰ ਤੇ ਮੈਂ ਲੈਂਦੀ ਬਹਾਰਾਂ ਕੁੜੇ*  
*ਨੀ ਮੇਰੀਏ ਵਣਜਣ ਵਾਲੀਏ ਅੰਮੜੀਏ।*

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਨੂੰਹ ਨੂੰ ਸੱਸ ਦੇ ਮਰਨ ਤੇ ਦੁੱਖ ਹੁੰਦਾ ਹੈ ਕਿਉਂਕਿ ਸੱਸ ਇਕ ਨਿਰਦੇਸ਼ਿਕਾ ਦੀ ਤਰ੍ਹਾਂ ਉਸ ਦਾ ਮਾਰਗ-ਦਰਸ਼ਨ ਕਰਦੀ ਹੈ। ਭਾਵੇਂ ਸੱਸ- ਨੂੰਹ ਦਾ ਰਿਸ਼ਤਾ ਤਣਾਉਗ੍ਰਸਤ ਹੈ ਪਰ ਸੱਸ ਕਦੇ ਵੀ ਆਪਣੀ ਨੂੰਹ ਦੀ ਮੌਤ ਦੀ ਸੁੱਖ ਨਹੀਂ ਸੁੱਖਦੀ। ਕਿਉਂਕਿ ਉਸ ਦਾ ਪੁੱਤ ਉਸ ਲਈ ਦੁਨੀਆਂ ਦੀ ਸਭ ਤੋਂ ਵੱਡੀ ਦੌਲਤ ਹੈ ਅਤੇ ਉਸ ਦੀ ਨੂੰਹ ਪੁੱਤ ਦੀ ਵਹੁਟੀ ਹੋਣ ਕਰਕੇ ਉਸਨੂੰ ਬਹੁਤ ਪਿਆਰੀ ਹੈ। ਭਾਵੇਂ ਸੱਸ-ਨੂੰਹ ਦੀ ਖ਼ਹਿਬਾਜ਼ੀ ਪੰਜਾਬੀ ਸਮਾਜ ਵਿੱਚ ਲਗਾਤਾਰ ਚੱਲਦੀ ਰਹਿੰਦੀ ਹੈ, ਕਿਉਂਕਿ ਦੋਨਾਂ ਵਿੱਚ ਇਕ ਪੀੜ੍ਹੀ ਦਾ ਫ਼ਰਕ ਹੈ, ਇਸੇ ਕਰਕੇ ਇਹ ਖਿੱਚੋਤਾਣ ਕੁਦਰਤੀ ਹੈ. ਪਰ ਅੰਦਰੋਂ ਸੱਸ ਨੂੰਹ ਨੂੰ ਹਮੇਸ਼ਾ ਦੁੱਧੀਂ –ਪੁੱਤੀ ਫਲਣ ਤੇ ਜਿਉਂਦੀ –ਵਸਦੀ ਰਹਿਣ ਦੀਆਂ ਅਸੀਸਾਂ ਦਿੰਦੀ ਹੈ। ਉਸ ਦੇ ਆਪਣੀ ਨੂੰਹ ਨਾਲ ਪਿਆਰ ਨੂੰ ਸੱਸ ਦੁਆਰਾ ਨੂੰਹ ਦੀ ਮੌਤ ਉੱਤੇ ਪਾਏ ਜਾਂਦੇ ਕੀਰਨਿਆ ਵਿੱਚੋਂ ਦੇਖਿਆ ਜਾ ਸਕਦਾ ਹੈ –

*ਨੀ ਮੈਂ ਤੈਨੂੰ ਟਿਕ ਸਹੇੜਿਆ ਸੀ ਨੀ*  
*ਨੀ ਮੇਰੀਏ ਬਾਗਾਂ ਦੀਆਂ ਕੋਲੇ (ਕੋਇਲੇ)*  
*ਨੀ ਤੂੰ ਪਾਗੀ ਲੰਮੇ ਵਿਛੋੜੇ ਨੀ ਨੂੰਹੇਂ*  
*ਨੀ ਤੈਨੂੰ ਕੀ ਹੋਈ ਉੱਠ ਨੀ,*  
*ਨੀ ਪੁੱਤ ਘਰ ਆਈਏ ਧੀਏ*  
*ਨੀ ਤੂੰ ਮੇਰੇ ਪੁੱਤ ਨੂੰ ਛੱਡ ਗੀ ਨਦੀ ਕਿਨਾਰੇ ਨੀ,*  
*ਨੀ ਮੇਰਾ ਪੁੱਤ ਤਾ ਸਦੋਂ ਦਾ ਹੋ ਗਿਆ ਫ਼ਕੀਰ ਨੀ ਨੂੰਹੇਂ।*

ਇਸ ਤਰ੍ਹਾਂ ਸੱਸ ਨੂੰ ਕਦੇ ਵੀ ਕਿਸੇ ਵੀ ਕੀਮਤ ਉੱਤੇ ਨੂੰਹ ਦੀ ਮੌਤ ਕਬੂਲ ਨਹੀਂ ਕਿਉਂਕਿ ਨੂੰਹ ਨਾਲ ਹੀ ਉਸ ਦੇ ਪੁੱਤ ਦਾ ਘਰ ਵਸਦਾ ਹੈ। ਪਰ ਅੱਜ ਉਸ ਦੀ ਮੌਤ ਹੋ ਜਾਣ ਨਾਲ ਉਸ ਦੇ ਪੁੱਤ ਨੂੰ ਕੋਈ ਰੋਟੀ ਪੁੱਛਣ ਵਾਲਾ ਵੀ ਨਹੀਂ। ਪੁੱਤ ਹੁਣ ਦਾ ਚੁੱਲ੍ਹੇ ਤੋਂ ਲੱਥਾ ਤੇ ਕਦੋਂ ਨੂੰ ਬੁਢੇਪਾ ਆਇਆ। ਉਹ ਤਾਂ ਸਾਰੀ ਉਮਰ ਦਾ ਫ਼ਕੀਰ ਹੀ ਹੋ ਗਿਆ ਹੈ। ਇਸ ਲਈ ਨੂੰਹ ਦੀ ਮੌਤ ਸੱਸ ਦੀ ਜ਼ਿੰਦਗੀ ਦਾ ਬੜਾ ਭਿਆਨਕ ਹਾਦਸਾ ਹੈ।

**ਨੂੰਹ-ਸਹੁਰਾ:**

ਪਤੀ ਦੇ ਘਰ ਵਿੱਚ ਪਰਿਵਾਰ ਦਾ ਮੁਖੀ ਅਤੇ ਜਿੰਮੇਵਾਰ ਮੈਂਬਰ ਘਰ ਦਾ ਵਡੇਰਾ ਆਦਮੀ ਹੁੰਦਾ ਹੈ ਜੋ ਕਿ ਨੂੰਹ ਦਾ ਸਹੁਰਾ ਅਤੇ ਨੂੰਹ ਦੇ ਪਤੀ ਦਾ ਬਾਪ ਹੁੰਦਾ ਹੈ। ਉਹ ਘਰ ਵਿੱਚ ਸਭ ਤੋਂ ਜਿਆਦਾ ਸਤਿਕਾਰਯੋਗ ਪਾਤਰ ਹੁੰਦਾ ਹੈ। ਨੂੰਹ ਸਹੁਰੇ ਨੂੰ ਆਪਣੇ ਪਿਤਾ ਸਮਾਨ ਸਮਝ ਕੇ ਉਸ ਨਾਲ ਸੁਚੱਜਾ ਵਿਹਾਰ ਕਰਦੀ ਹੈ।

*ਸੱਸ ਜੀ ਨੂੰ ਮੱਥਾ ਟੇਕਣਾ,ਅੱਗੇ ਪੱਛੀਆਂ ਤੇ ਮਗਰ ਮੁਆਤਾ,*  
*ਸਹੁਰੇ ਜੀ ਨੂੰ ਮੱਥਾ ਟੇਕਣਾ, ਅੱਗੇ ਰੱਖ ਕੇ ਫ਼ੁੱਲਾਂ ਵਾਲੀ ਖਾਰੀ।*

ਸਹੁਰਾ ਪਿਉ ਸਮਾਨ ਹੋਣ ਕਰਕੇ ਨੂੰਹ ਨੂੰ ਉਸ ਦਾ ਆਸਰਾ ਵਧੇਰੇ ਹੁੰਦਾ ਹੈ। ਸਹੁਰੇ ਦੀ ਮੌਤ ਹੋਣ ਉਪਰੰਤ ਉਸ ਨੂੰ ਵੱਡੇ ਵਿਗੋਚੇ ਦਾ ਅਨੁਭਵ ਹੁੰਦਾ ਹੈ। ਉਸਨੂੰ ਇੰਝ ਪ੍ਰਤੀਤ ਹੋਣ ਲੱਗਦਾ ਹੈ ਜਿਵੇਂ ਉਸਦੇ ਸਿਰ ਉੱਤੋਂ ਛੱਤ ਹੀ ਚੁੱਕੀ ਗਈ ਹੋਵ।

*ਬਾਬਲ ਤੂੰ ਕਿੱਥੇ ਤੁਰ ਗਿਆ ਵੇ,*  
*ਵੇ ਮੈਨੂੰ ਸਹੇੜਨ ਵਾਲਿਆ ਬਾਬਲਾ।*  
*ਜੀ ਥੋਡੇ ਸਿਰ ਤੇ ਸਾਨੂੰ ਭੋਰਾ ਫਿਕਰ ਨਾ ਜੀ,*  
*ਜੀ ਮੈਨੂੰ ਵਣਜਣ ਵਾਲਿਆ ਬਾਬਲਾ।*  
*ਵਿਹੜੇ ਕੁਰਸੀ ਡਾਹ ਲਿਓ ਜੀ,*  
*ਜੀ ਥੋਡੀ ਕੁਰਸੀ ਨੂੰ ਹੋਣ ਸਲਾਮਾਂ*  
*ਜੀ ਚੱਲਦੇ ਹੁਕਮਾਂ ਵਾਲਿਓ।*

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਜੀਵਨ ਵਿੱਚ ਨੂੰਹ-ਸਹੁਰੇ ਦਾ ਰਿਸ਼ਤਾ ਪਿਉ-ਧੀ ਦੇ ਰਿਸ਼ਤੇ ਦਾ ਹੀ ਬਦਲਵਾਂ ਰੂਪ ਹੈ। ਜਿੱਥੇ ਪਿਉ-ਧੀ ਰਿਸ਼ਤਾ ਸੰਕੋਚ-ਰਹਿਤ ਹੁੰਦਾ ਹੈ, ਉੱਥੇ ਨੂੰਹ-ਸਹੁਰੇ ਦਾ ਰਿਸ਼ਤਾ ਸੰਕੋਚ-ਪੁਰਣ ਹੁੰਦਾ ਹੈ। ਦੋਵੇਂ ਆਪੋ-ਆਪਣੀ ਪਦਵੀ ਨੂੰ ਧਿਆਨ ਵਿੱਚ ਰੱਖਕੇ ਸਮਾਜ ਵਿੱਚ ਵਿਚਰਦੇ ਹਨ।

**ਨਨਾਣ-ਭਰਜਾਈ:**

'ਨਨਾਣ' ਪਤੀ ਦੀ ਭੈਣ ਲਈ ਸੰਬੋਧਨੀ ਸ਼ਬਦ ਹੈ। ਇਸ ਸ਼ਬਦ ਦਾ ਸੰਸਕ੍ਰਿਤ ਵਿੱਚ ਅਰਥ ਹੈ: *'ਜੋ ਸੇਵਾ ਕਰਨ ਤੇ ਵੀ ਖੁਸ਼ ਨਾ ਹੋਵੇ।'*[6]

ਸਮਾਜਿਕ ਜੀਵਨ ਵਿੱਚ ਝਾਤੀ ਮਾਰਿਆਂ ਪਤਾ ਲਗਦਾ ਹੈ ਕਿ ਨਨਾਣ-ਭਰਜਾਈ ਦਾ ਰਿਸ਼ਤਾ ਆਮ ਤੌਰ ਤੇ ਸੁਖਾਵਾਂ ਹੀ ਹੁੰਦਾ ਹੈ। ਇਸ ਵਿੱਚ ਕਿਤੇ-ਕਿਤੇ ਤਣਾਉ ਨਜ਼ਰ ਆਉਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਨਨਾਣ ਜਨਮ ਤੋਂ ਲੈ ਕੇ ਉਸ ਘਰ ਵਿੱਚ ਪਲੀ ਹੈ ਜਿਸ ਵਿੱਚ ਭਰਜਾਈ ਦਾ ਪ੍ਰਵੇਸ਼ ਜਵਾਨੀ ਦੀ ਉਮਰ ਵਿੱਚ ਹੋਇਆ ਹੁੰਦਾ ਹੈ। ਨਨਾਣ ਬਚਪਨ ਤੋਂ ਉੱਥੇ ਪਲੀ ਹੋਣ ਕਰਕੇ ਘਰ ਦੀ ਹਰ ਚੀਜ਼ ਉੱਤੇ ਆਪਣਾ ਹੱਕ ਜਤਾਉਂਦੀ ਹੈ। ਇਨ੍ਹਾਂ ਗੱਲਾਂ ਕਰਕੇ ਤਣਾਉ ਕੁਦਰਤੀ ਹੈ। ਇਹ ਤਣਾਉ ਬਹੁਤਾ ਚਿਰ ਨਹੀਂ ਰਹਿੰਦਾ, ਕਿਉਂਕਿ ਨਨਾਣ ਨੇ ਵੀ ਵਿਆਹ ਤੋਂ ਬਾਅਦ ਪੇਕਿਆਂ ਦਾ ਘਰ ਛੱਡ ਕੇ ਸਹੁਰੇ ਘਰ ਚਲੀ ਜਾਣਾ ਹੈ। ਇਸ ਪ੍ਰਕਾਰ ਨਨਾਣ-ਭਰਜਾਈ ਵਿੱਚ ਵਿੱਥ ਪੈ ਜਾਣ ਨਾਲ ਉਨ੍ਹਾਂ ਦੇ ਸੰਬੰਧ ਸੁਖਾਵੇਂ ਬਣੇ ਰਹਿੰਦੇ ਹਨ।

ਨਨਾਣ ਨੂੰ ਵੀ ਆਪਣੀ ਭਰਜਾਈ ਅੰਤੋਂ ਪਿਆਰੀ ਹੈ। ਉਸ ਨੂੰ ਪਤਾ ਹੈ ਕਿ ਉਸ ਦੀ ਮਾਂ ਨੇ ਸਾਰੀ ਉਮਰ ਬੈਠੀ ਨਹੀਂ ਰਹਿਣਾ। ਇੱਕ ਨਾ ਇੱਕ ਦਿਨ ਮਾਂ ਨੇ ਇਸ ਸੰਸਾਰ ਤੋਂ ਕੂਚ ਕਰ ਜਾਣਾ ਹੈ ਅਤੇ ਮਾਂ ਤੋਂ ਬਾਅਦ ਭਰਜਾਈ ਅਤੇ ਭਰਾ ਹੀ ਉਸਦੇ ਸਾਰੀ ਉਮਰ ਦੇ ਮਾਪੇ ਹਨ। ਹਰ ਤਿੱਥ-ਤਿਹਾਰ ਤੇ ਭਰਜਾਈ ਨੇ ਹੀ ਲੈਣ-ਦੇਣ ਕਰਨਾ ਹੈ। ਇਸ ਲਈ ਉਸ ਨੂੰ ਭਰਜਾਈ ਦੀ ਮੌਤ ਪ੍ਰਵਾਨ ਨਹੀਂ। ਇੱਕ ਭੈਣ ਲਈ ਉਸਦਾ ਭਰਾ ਬਹੁਤ ਵੱਡੀ ਜਾਇਦਾਦ ਹੁੰਦਾ ਹੈ ਅਤੇ ਭਰਾ ਦੇ ਪਿਆਰ ਕਾਰਨ ਹੀ ਉਸ ਦੀ ਵਹੁਟੀ ਨਾਲ ਉਸਦਾ ਮੋਹ ਵਧੇਰੇ ਹੁੰਦਾ ਹੈ। ਇਸ ਲਈ ਉਹ ਕਦੇ ਇਹ ਨਹੀਂ ਚਾਹੁੰਦੀ ਕਿ ਉਸਦੀ ਭਰਜਾਈ ਦੀ ਮੌਤ ਹੋ ਜਾਵੇ ਤੇ ਉਸਦੇ ਭਰਾ ਦਾ ਘਰ ਪੱਟਿਆ ਜਾਵੇ। ਭਰਜਾਈ ਦੀ ਮੌਤ ਦੇ ਸੁਨੇਹੇ ਨੂੰ ਸੁਣ ਕੇ ਨਣਦ ਦਾ ਜੋ ਹਾਲ ਹੁੰਦਾ ਹੈ ਉਸ ਦੀ ਝਲਕ ਨਣਦ ਦੁਆਰਾ ਪਾਏ ਜਾਂਦੇ ਕੀਰਨਿਆਂ ਤੋਂ ਮਿਲਦੀ ਹੈ-

*ਤੂੰ ਐਹੋਂ ਜਿਹਾ ਮੰਦਾ ਭੇਜਿਆ ਸੁਨੇਹਾ ਨੀ,*
*ਨੀ ਮੇਰੀਏ ਖੀਵੀਏ ਭਾਬੋ*
*ਸੁਣ ਕੇ ਤੇਰਾ ਸੁਨੇਹਾ ਮੈਂ ਡਿੱਗੀ ਪਛਾੜੀਂ ਨੀ,*
*ਨੀ ਨਾਲੇ ਮੇਰੇ ਢਿੱਡੋਂ ਸਾਹ ਮੁੱਕਗੇ ਨੀ*
*ਨੀ ਮੇਰੀਏ ਰਾਣੀਏ ਭਾਬੋ।*

ਨਣਦ ਤੋਂ ਆਪਣੇ ਵੀਰ ਦੀ ਹਾਲਾਤ ਦੇਖੀ ਨਹੀਂ ਜਾਂਦੀ ਅਤੇ ਉਹ ਕੁਰਲਾ ਉੱਠਦੀ ਹੈ-

*ਤੂੰ ਮੇਰੇ ਪਿਉ ਨੇ ਕੱਲ੍ਹ ਸਹੇੜੀ ਸੀ ਨੀ,*
*ਨੀ ਮੇਰੀਏ ਰਾਣੀਏ ਭਾਬੋ*
*ਵੀਰ ਮੇਰਾ ਪੰਜ ਬਰਸਾ ਰੰਡਾ ਹੋ ਗਿਆ ਕੁੜੇ,*
*ਤੇ ਚੁੱਲ੍ਹੇ ਤੋਂ ਹੋ ਗਿਆ ਪਰੇਡੇ ਨੀ ਸਿਖਰੋਂ ਟੁੱਟੀਏ ਭਾਬੋ।*

ਉਪਰੋਕਤ ਕੀਰਨਿਆਂ ਤੋਂ ਸਪਸ਼ਟ ਹੈ ਕਿ ਨਣਦ ਹਮੇਸ਼ਾ ਆਪਣੇ ਭਰਾ ਦੇ ਘਰ ਦੀ ਸੁੱਖ ਲੋੜਦੀ ਹੈ। ਉਸਦੇ ਭਰਾ ਦੇ ਘਰ ਵਿੱਚ ਸੁੱਖ ਤਾਂ ਹੀ ਆ ਸਕਦੇ ਹਨ ਜੇ ਉਸ ਘਰ ਦੀ ਕੇਂਦਰ ਉਸਦੀ ਭਰਜਾਈ ਸੁਖੀ ਹੋਵੇ। ਮਾਂ ਤੋਂ ਬਾਅਦ ਨਨਾਣ ਦਾ ਪੇਕੇ ਘਰ ਵਿੱਚ ਆਉਣ ਜਾਣ ਭਰਜਾਈ ਨਾਲ ਹੀ ਹੈ। ਇਸ ਲਈ ਉਹ ਹਮੇਸ਼ਾ ਹੀ ਭਰਜਾਈ ਦੀ ਲੰਮੀ ਉਮਰ ਦੀਆਂ ਦੁਆਵਾਂ ਕਰਦੀ ਹੈ।

ਦੂਜੇ ਪਾਸੇ ਨਣਦ ਦੀ ਮੌਤ ਦਾ ਵੀ ਭਰਜਾਈ ਨੂੰ ਘੱਟ ਦੁੱਖ ਨਹੀਂ ਹੁੰਦਾ। ਸਹੁਰੇ ਘਰ ਵਿੱਚ ਪਤੀ ਤੋਂ ਬਾਅਦ ਉਸ ਦੀ ਦੁੱਖ-ਸੁੱਖ ਦੀ ਸਾਥਣ ਉਸਦੀ ਨਣਦ ਹੀ ਹੁੰਦੀ ਹੈ। ਇਸ ਲਈ ਇਕ ਨਣਦ ਹੀ ਹੈ ਜਿਸ ਦੇ ਸਾਹਮਣੇ ਉਹ ਆਪਣੇ ਦਿਲ ਦੇ ਸਾਰੇ ਭੇਤ ਖੋਲ੍ਹ ਦਿੰਦੀ ਹੈ।

ਉਸ ਨੂੰ ਸਮਝਾਉਂਦੀ ਹੈ ਕਿ ਭੈਣਾਂ –ਭਰਾਵਾਂ ਦੀ ਲੰਮੀ ਸਕੀਰੀ ਹੁੰਦੀ ਹੈ ਅਤੇ ਉਹ ਇਹ ਸਕੀਰੀ ਤੋੜ ਕੇ ਨਾ ਜਾਵੇ-

*ਨੀ ਭੈਣੀ ਭਰਾਵੀਂ ਲੰਮੀ ਸਕੀਰੀ ਕੁੜੇ,*
*ਨੀ ਤੂੰ ਪਾ ਗੀ ਲੰਮੇ ਵਿਛੋੜੇ ਨੀ ਨਣਦੇ,*

ਫਿਰ ਉਹ ਉਸਨੂੰ ਉਸ ਦੀ ਮਾਂ ਦਾ ਵਾਸਤਾ ਦਿੰਦੀ ਹੈ ਕਿ ਉਹ ਰੋਂਦੀ ਅੰਮੜੀ ਲਈ ਆ ਜਾਵੇ -

ਮੇਰੀ ਸੱਸ ਦੀ ਪੇਸ਼ ਨਾ ਜਾਂਦੀ ਕੁੜੇ,
ਨੀ ਉਹਨੂੰ ਕੀ ਦੇਵਾਂ ਧੀਰ ਦਿਲਾਸਾ ਕੁੜੇ।

ਨਣਦ-ਭਰਜਾਈ ਵਿਚਕਾਰ ਬੜਾ ਗੂੜ੍ਹਾ ਰਿਸ਼ਤਾ ਹੁੰਦਾ ਹੈ। ਭਾਵੇਂ ਨਣਦ

ਦੇ ਵਿਆਹ ਤੋਂ ਪਹਿਲਾਂ ਦੋਹਾਂ ਵਿੱਚ ਖਿੱਚੋਤਾਣ ਹੋ ਜਾਂਦੀ ਹੈ ਪਰ ਵਿਆਹ ਤੋਂ ਬਾਅਦ ਨਣਦ-ਭਾਬੀ ਦਾ ਰਿਸ਼ਤਾ ਸੰਘਣਤਾ ਧਾਰਨ ਕਰ ਜਾਂਦਾ ਹੈ।

**ਜੇਠ/ ਦਿਉਰ ਭਰਜਾਈ ਦਾ ਰਿਸ਼ਤਾ**:

ਪੰਜਾਬੀ ਸੱਭਿਆਚਾਰ ਵਿੱਚ ਜੇਠ-ਭਰਜਾਈ ਅਤੇ ਦਿਉਰ-ਭਰਜਾਈ ਦਾ ਰਿਸ਼ਤਾ ਬੜਾ ਉੱਘੜਵਾਂ ਹੈ। ਜੇਠ ਨੂੰ ਹਮੇਸ਼ਾ ਸ਼ੱਕੀ ਨਿਗਾਹ ਨਾਲ ਦੇਖਿਆ ਜਾਂਦਾ ਹੈ ਅਤੇ ਦਿਉਰ ਨੂੰ ਤਾਂ 'ਛੋਟਾ ਦਿਉਰ ਭਾਬੀਆਂ ਦਾ ਗਹਿਣਾ' ਵਾਲੀ ਕਹਾਵਤ ਵਾਂਗ ਹਾਸੇ –ਮਖੌਲ ਵਾਲੇ ਸੰਬੰਧਾਂ ਵਿੱਚ ਗਿਣਿਆ ਜਾਂਦਾ ਹੈ। ਲੋਕ ਗੀਤਾਂ ਵਿੱਚ ਭਾਵੇਂ ਜੇਠ ਉੱਤੇ ਬਹੁਤ ਚੋਟਾਂ ਕੀਤੀਆਂ ਗਈਆਂ ਹਨ ਪਰ ਸੰਸਕ੍ਰਿਤਿਕ ਪਰਿਪੇਖ ਵਿੱਚ ਦੇਖਿਆਂ ਪਤਾ ਲੱਗਦਾ ਹੈ ਕਿ ਜੇਠ ਸਹੁਰੇ ਤੋਂ ਦੂਜੇ ਨੰਬਰ ਤੇ ਹੋਣ ਕਰਕੇ ਸਤਿਕਾਰ ਦਾ ਪਾਤਰ ਹੈ।

*"ਛੋਟੀ ਭਰਜਾਈ ਧੀਆਂ ਵਰਗੀ ਹੁੰਦੀ ਹੈ" ਦੇ ਸੰਕਲਪ ਅਨੁਸਾਰ ਬਹੁ ਗਿਣਤੀ ਜੇਠ ਭਰਜਾਈ ਨੂੰ ਧੀ ਜਾਂ ਛੋਟੀ ਭੈਣ ਦਾ ਦਰਜਾ ਹੀ ਦਿੰਦੇ ਹਨ। ਦੂਜੇ ਪਾਸੇ ਦਿਉਰ ਨਾਲ ਭਰਜਾਈ ਦਾ ਰਿਸ਼ਤਾ ਰੁਮਾਂਚਿਕਤਾ ਭਰਪੂਰ ਹੁੰਦਾ ਹੈ। ਸਹੁਰੇ ਘਰ ਵਿੱਚ ਦਿਉਰ ਹੀ ਅਜਿਹਾ ਪਾਤਰ ਹੈ ਜਿਸ ਨਾਲ ਭਾਬੀ ਨੂੰ ਗੁੱਸਾ ਵੀ ਆਉਂਦਾ ਹੈ ਤਾਂ ਹਾਸੇ ਵਰਗਾ।*[7]

ਲੋਕ-ਗੀਤਾਂ ਵਿੱਚ ਭਾਵੇਂ ਦਿਉਰ ਤੇ ਜੇਠ ਦਾ ਰਿਸ਼ਤਾ ਵੱਖੋ-ਵਖਰਾ ਉੱਘੜਦਾ ਹੈ, ਪਰ ਕੀਰਨਿਆਂ ਦੇ ਸੰਦਰਭ ਵਿੱਚ ਭਰਜਾਈ ਲਈ ਜੇਠ ਤੇ ਦਿਉਰ ਦਾ ਇਕੋ ਦਰਜਾ ਹੈ। ਉਹ ਦੋਹਾਂ ਲਈ 'ਰਾਜੇ ਸਹੁਰੇ ਦਿਆ ਜਾਇਆ' ਜਾਂ 'ਚੰਦਾ' ਆਦਿ ਵਰਗੇ ਸੰਬੋਧਨ ਵਰਤਦੀ ਹੈ। ਦਿਉਰ ਜਾਂ ਜੇਠ ਦੀ ਮੌਤ ਦਾ ਦੁੱਖ ਘੱਟ ਨਹੀਂ ਹੁੰਦਾ। ਭਾਵੇਂ ਆਮ ਜੀਵਨ ਵਿੱਚ ਭਰਜਾਈ ਕਦੇ ਵੀ ਆਪਣੇ ਸ਼ਰੀਕਾਂ ਦਾ ਚੰਗਾ ਨਹੀਂ ਚਿਤਵਦੀ, ਸਗੋਂ ਉਹਨਾਂ ਦਾ ਹਿੱਸਾ ਵੀ ਖੋਹ ਲੈਣ ਲਈ ਤਿਆਰ ਹੁੰਦੀ ਹੈ ਪਰ ਮੌਤ ਦਾ ਅਜਿਹਾ ਸਮਾਂ ਹੈ ਜਦੋਂ ਪੱਥਰ ਦਿਲ ਵੀ ਪਸੀਜ ਜਾਂਦੇ ਹਨ। ਦਿਉਰ ਜੇਠ ਦੀ ਮੌਤ ਸਮੇਂ ਭਰਜਾਈ ਆਪਣੀ ਦਰਾਣੀ/ਜਠਾਣੀ ਦੇ ਦੁੱਖ ਨੂੰ ਭਲੀ-ਭਾਂਤ ਅਨੁਭਵ ਕਰ ਸਕਦੀ ਹੈ। ਇਕ ਔਰਤ ਹੀ ਔਰਤ ਦਾ ਦੁੱਖ ਸਮਝ ਸਕਦੀ ਹੈ ਅਤੇ ਇਸਤਰੀ ਮਨ ਪਸੀਜਣੋਂ ਨਹੀਂ ਰਹਿ ਸਕਦਾ। ਜੇਠ ਜਾਂ ਦਿਉਰ ਦੀ ਮੌਤ ਸਮੇਂ ਉਹ ਇਸ ਪ੍ਰਕਾਰ ਕੀਰਨਿਆਂ ਰਾਹੀਂ ਆਪਣੇ ਦੁੱਖ ਨੂੰ ਵਿਅਕਤ ਕਰਦੀ ਹੈ-

*ਤੈਂ ਨਾਲ ਸਾਡੀ ਡੂੰਘੀ ਸਕੀਰੀ*
*ਵੇ ਰਾਜੇ ਸਹੁਰੇ ਦਿਆ ਜਾਇਆ*
*ਵੇ ਤੂੰ ਮਰ ਕੇ ਕੀਹਨੂੰ ਵਿਖਾਇਆ ਵੇ ਚੰਦਾ।*
*ਵੇ ਤੂੰ ਪਹਾੜ ਸਿੱਟ ਗਿਆ ਵੇ*
*ਵੇ ਬੰਨੇ ਛੱਡੀ ਨਦੀ ਕਿਨਾਰੇ ਵੇ*
*ਵੇ ਅਜੇ ਰੰਡੀਆਂ ਦੇ ਹਾਣ ਨਾ ਆਈ ਵੇ*
*ਵੇ ਰਾਜੇ ਸਹੁਰੇ ਦਿਆ ਜਾਇਆ।*

ਉਪਰੋਕਤ ਕੀਰਨਿਆ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਾਵੇਂ ਜੇਠ/ਦਿਉਰ ਭਰਜਾਈ ਲਈ ਸ਼ਰੀਕ ਹੁੰਦੇ ਹਨ ਪਰ ਜੇਠ-ਦਿਉਰ ਦੀ ਮੌਤ ਉਸਨੂੰ ਕਬੂਲ ਨਹੀਂ ਕਿਉਂਕਿ ਭਰਾ ਹੀ ਭਰਾਵਾਂ ਦੀਆਂ ਬਾਹਵਾਂ ਹੁੰਦੇ ਹਨ।

**ਦਰਾਣੀ-ਜਠਾਣੀ ਦਾ ਰਿਸ਼ਤਾ**:

ਪਤੀ ਦੇ ਛੋਟੇ ਭਰਾ ਦੀ ਪਤਨੀ ਦਰਾਣੀ ਅਤੇ ਵੱਡੇ ਭਰਾ ਦੀ ਪਤਨੀ ਜਠਾਣੀ ਅਖਵਾਉਂਦੀ ਹੈ। ਇਨ੍ਹਾਂ ਦੋਹਾਂ ਦਾ ਆਪਸੀ ਰਿਸ਼ਤਾ ਪੰਜਾਬੀ ਸੱਭਿਆਚਾਰ ਦੇ ਪ੍ਰਸੰਗ ਵਿੱਚ ਸ਼ਰੀਕੇ ਵਾਲਾ ਹੈ। ਦਰਾਣੀ ਅਤੇ ਜਠਾਣੀ ਦਾ ਸ਼ਰੀਕਾ ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਸੱਸ ਜਾਂ ਸਹੁਰਾ ਦੋਹਾਂ 'ਚੋਂ ਕਿਸੇ ਚੀਜ਼ ਜਾਂ ਕੰਮ ਦੀ ਤਰੀਫ਼ ਕਰ ਦੇਣ ਤਾਂ ਇਸ ਗੱਲ ਤੇ ਦੂਸਰੀ ਦਾ ਦਿਲ ਮੱਚ ਉੱਠਦਾ ਹੈ। ਉਹ ਆਪਣੀ ਸ਼ਰੀਕਣ ਦੀ ਸਿਫ਼ਤ-ਸਲਾਹ ਸੁਣ ਨਹੀਂ ਸਕਦੀ। ਸੰਯੁਕਤ ਪਰਿਵਾਰਾਂ ਵਿੱਚ ਦਰਾਣੀ-ਜਠਾਣੀ ਦੇ ਆਪਸੀ ਝਗੜੇ ਦੇਖਣ ਨੂੰ ਮਿਲਦੇ ਹਨ ਪਰ ਜਦੋਂ ਇਨ੍ਹਾਂ ਦੇ ਅਲੱਗ ਅਲੱਗ ਘਰ ਸਥਾਪਿਤ ਹੋ ਜਾਂਦੇ ਹਨ ਤਾਂ ਇਹ ਝਗੜੇ ਲਗਭਗ ਖਤਮ ਹੋ ਜਾਂਦੇ ਹਨ। ਇਕ ਦੂਜੀ ਦੀ ਮੌਤ ਉੱਤੇ ਉਹ ਧਾਹਾਂ ਮਾਰ-ਮਾਰ ਕੇ ਰੋਂਦੀਆਂ ਹਨ। ਦਰਾਣੀ, ਜਠਾਣੀ ਲਈ 'ਜੇਠ ਘਰ ਆਈਏ ਭੈਣੇ' ਸੰਬੋਧਨੀ ਸ਼ਬਦ ਵਰਤਦੀ ਹੈ ਅਤੇ ਜਠਾਣੀ, ਦਰਾਣੀ ਲਈ 'ਦਿਉਰ ਘਰ ਆਈਏ ਭੈਣੇ' ਵਰਤਦੀ ਹੈ।

**ਜੀਜਾ-ਸਾਲੀ ਦਾ ਰਿਸ਼ਤਾ**:

ਦਿਉਰ ਭਰਜਾਈ ਦੀ ਤਰ੍ਹਾਂ ਜੀਜੇ-ਸਾਲੀ ਦਾ ਰਿਸ਼ਤਾ ਵੀ ਪੰਜਾਬੀ ਸੱਭਿਆਚਾਰ ਵਿੱਚ ਮਖੌਲ ਵਾਲੇ ਰਿਸ਼ਤਿਆਂ ਵਿੱਚ ਆਉਂਦਾ ਹੈ। ਪੰਜਾਬੀ ਸੱਭਿਆਚਾਰ ਦੇ ਪਰਿਪੇਖ ਵਿੱਚ ਇਹ ਸੰਬੰਧ ਥੋੜ੍ਹਾ ਸਮਾਂ ਹੀ ਮਖ਼ੌਲ ਵਾਲੇ ਰਹਿੰਦੇ ਹਨ ਜਾਂ ਸਾਲੀ ਦੇ ਕੁਆਰੀ ਹੋਣ ਤੱਕ ਹੀ ਰਹਿੰਦੇ ਹਨ। ਜਦੋਂ ਭੈਣਾਂ-ਭੈਣਾਂ ਆਪੋ-ਆਪਣੇ ਪਰਿਵਾਰਾਂ ਵਿੱਚ ਰੁੱਝ ਜਾਂਦੀਆਂ ਹਨ ਤਾਂ ਮਖ਼ੌਲ ਨੂੰ ਥਾਂ ਨਹੀਂ ਰਹਿੰਦੀ। ਭੈਣਾਂ-ਭੈਣਾਂ ਇਕ ਦੂਜੀ ਦੇ ਹਰ ਦੁੱਖ-ਸੁੱਖ ਦੀਆਂ ਭਾਈਵਾਲ ਬਣ ਜਾਂਦੀਆਂ ਹਨ। ਇਕ ਭੈਣ ਦਾ ਦੁੱਖ ਦੂਜੀ ਸਹਿ ਨਹੀਂ ਸਕਦੀ। ਜੀਜੇ ਦੀ ਮੌਤ ਉੱਤੇ ਸਾਲੀ ਦੁਆਰਾ ਪਾਏ ਜਾਂਦੇ ਕੀਰਨਿਆਂ ਤੋਂ ਇਸ ਦੁੱਖ ਦੀ ਸੰਘਣਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ:

*ਵੇ ਤੂੰ ਸਾਨੂੰ ਕੀ ਘੱਲਿਆ ਸੁਨੇਹਾ ਵੇ*

*ਵੇ ਪਿਉ ਘਰ ਢੁੱਕਿਆ ਚੰਦਾ*

*ਵੇ ਮੇਰੀ ਭੈਣ ਛੱਡੀ ਨਦੀ ਕਿਨਾਰੇ ਵੇ*

*ਵੇ ਤੇਰਾ ਕੀ ਜਸ ਗਾਊ ਵੇ*

*ਵੇ ਪਿਉ ਘਰ ਢੁੱਕਿਆ ਚੰਦਾ।*

*ਚੰਦ ਮੇਰੀ ਭੈਣ ਰੰਡੀਆਂ ਦੇ ਹਾਣ ਨਾ ਆਈ ਵੇ*

*ਵੇ ਤੂੰ ਅੱਧ ਵਿਚਾਲੇ ਦੇ ਗਿਆ ਡੋਬਾ ਵੇ*

*ਵੇ ਪਿਉ ਘਰ ਢੁੱਕਿਆ ਚੰਦਾ।*

ਇਹਨਾਂ ਕੀਰਨਿਆਂ ਵਿਚਲੇ ਸੰਬੋਧਨਾਂ ਤੋਂ ਕੀਰਨਾਕਾਰ ਦੇ ਮ੍ਰਿਤਕ ਨਾਲ ਰਿਸ਼ਤੇ ਬਾਰੇ ਪਤਾ ਲੱਗ ਜਾਂਦਾ ਹੈ। 'ਪਿਓ ਘਰ ਢੁੱਕਿਆ ਚੰਦਾ'ਤੋਂ ਪਤਾ ਲੱਗਦਾ ਹੈ ਕਿ ਮ੍ਰਿਤਕ ਕੀਰਨਾਕਾਰ ਦੇ ਪਿਤਾ ਦੇ ਘਰ ਇਕ ਦਿਨ ਬਰਾਤ ਲੈ ਕੇ ਢੁੱਕਿਆ ਸੀ। ਇਸ ਲਈ ਕੀਰਨਾਕਾਰ ਜਾਂ ਤਾਂ ਮ੍ਰਿਤਕ ਦੀ ਪਤਨੀ ਹੋ ਸਕਦੀ ਹੈ ਜਾਂ ਸਾਲੀ। ਸਾਲੀ ਦੀ ਸੰਭਾਵਨਾ ਵਧੇਰੇ ਹੈ ਕਿਉਂਕਿ ਪਤਨੀ ਦੇ ਕੀਰਨਿਆਂ ਵਿਚਲਾ ਸੰਬੋਧਨੀ ਸ਼ਬਦ 'ਸਿਰ ਦਿਆ ਸਾਈਂਆ'ਜਾਂ 'ਰਾਜੇ ਸਹੁਰੇ ਦਿਆ ਜਾਇਆ'ਹੋਵੇਗਾ।

**ਸੱਸ-ਜਵਾਈ ਦਾ ਰਿਸ਼ਤਾ**:

ਜਦੋਂ ਧੀ ਨੂੰ ਵਿਆਹ ਕਰਕੇ ਦੂਜੇ ਪਰਿਵਾਰ ਵਿੱਚ ਤੋਰ ਦਿੱਤਾ ਜਾਂਦਾ ਹੈ ਤਾਂ ਉਹ ਦੂਜੇ ਪਰਿਵਾਰ ਦੀ ਨੂੰਹ ਬਣ ਜਾਂਦੀ ਹੈ ਅਤੇ ਦੂਜੇ ਪਾਸੇ ਦੂਜੇ ਪਰਿਵਾਰ ਦਾ ਪੁੱਤਰ ਧੀ ਵਾਲੇ ਪਰਿਵਾਰ ਦਾ ਜਵਾਈ ਬਣ ਜਾਂਦਾ ਹੈ। ਜਵਾਈ ਦੀ ਮੌਤ ਨਾਲੋਂ ਵੱਧ ਦੁੱਖ ਸੱਸ ਲਈ ਹੋਰ ਕੋਈ ਨਹੀਂ ਹੋ ਸਕਦਾ। ਅਜਿਹੇ ਸਮੇਂ ਤੇ ਆਪਣੇ ਦਿਲ ਦੀ ਕਰੁਣਾਮਈ ਸਥਿਤੀ ਨੂੰ ਸੱਸ ਇਸ ਪ੍ਰਕਾਰ ਬਿਆਨ ਕਰਦੀ ਹੈ:

*ਪੁੱਤ ਵੇ ਮੈਂ ਤੈਨੂੰ ਟਿੱਕ ਸਹੇੜਿਆ ਸੀ ਵੇ*

*ਵੇ ਮੈਂ ਘਰ ਢੁੱਕਿਆ ਪੁੱਤਾ।*

*ਵੇ ਤੂੰ ਮੇਰੇ ਸੀਨੇ ਸੱਟ ਲਾਈ ਵੇ,*

*ਵੇ ਸਿਖਰ ਦੀ ਜਵਾਨੀ ਵਾਲਿਆ ਪੁੱਤਾ।*

*ਪੁੱਤ ਜਦੋਂ ਤੂੰ ਮੈਂ ਘਰ ਢੁੱਕਿਆ ਸੀ ਵੇ,*

*ਵੇ ਜੱਗ ਤੈਨੂੰ ਦੇਖੇ ਦੇ ਜੀਵੇ ਵੇ ਪੁੱਤਾ।*

*ਵੇ ਮੇਰੀ ਧੀ ਤਾਂ ਹਾਲੇ ਕਾਲੇ ਕੇਸੀਂ ਵੇ*

*ਵੇ ਰੰਡੀਆਂ ਦੇ ਹਾਣ ਨਾ ਆਈ ਵੇ ਪੁੱਤਾ।*

*ਵੇ ਤੂੰ ਮਰ ਕੇ ਮੇਰੀ ਧੀ ਦਾ ਸਾਲੂ ਸਿੱਟਤਾ ਪਛਾੜੀ ਵੇ,*

*ਵੇ ਮੈਂ ਘਰ ਢੁੱਕਿਆਂ ਪੁੱਤਾ।*

ਉਪਰੋਕਤ ਵਰਨਣ ਦੇ ਆਧਾਰ ਤੇ ਅਸੀਂ ਸੱਸ-ਜਵਾਈ ਦੇ ਰਿਸ਼ਤੇ ਨੂੰ ਭਲੀ-ਭਾਂਤ ਸਮਝ ਸਕਦੇ ਹਾਂ ਕਿ ਸੱਸ ਲਈ ਉਸਦਾ ਜਵਾਈ ਦੁਨੀਆਂ ਦੀ ਸਭ ਤੋਂ ਵੱਡੀ ਦੌਲਤ ਹੈ। ਉਸਨੇ ਧੀ ਦੇ ਕੇ ਆਪਣਾ ਪੁੱਤ ਬਣਾਇਆ ਹੈ। ਇਸ ਪੁੱਤ ਦਾ ਵਿਛੋੜਾ ਉਸ ਲਈ ਅਸਹਿ ਹੈ ਕਿਉਂਕਿ ਉਸਦੇ ਨਾਲ ਉਸ ਦੀ ਧੀ ਦਾ ਗੂੜ੍ਹਾ ਸੰਬੰਧ ਹੈ।

**ਨਣਦੋਈਏ-ਸਾਲੇਹਾਰ ਦਾ ਰਿਸ਼ਤਾ** :

ਜਿੱਥੇ ਇਕ ਧੀ ਦੇ ਵਿਆਹ ਨਾਲ ਜਵਾਈ ਦੀ ਸਾਕਾਦਾਰੀ ਦਾ ਜਨਮ ਹੁੰਦਾ ਹੈ। ਉਥੇ ਉਹ ਜਵਾਈ ਸਹੁਰੇ ਘਰ ਦੇ ਹਰੇਕ ਮੈਂਬਰ ਨਾਲ ਵੱਖ ਵੱਖ ਸਾਕਾਦਾਰੀਆਂ ਦੇ ਆਧਾਰ ਤੇ ਸੰਬੰਧਿਤ ਹੁੰਦਾ ਹੈ। ਜਿੱਥੇ ਧੀ ਦੇ ਮਾਂ-ਬਾਪ ਕ੍ਰਮਵਾਰ ਸੱਸ-ਸਹੁਰਾ ਹੁੰਦੇ ਹਨ ਉਥੇ ਲੜਕੀ ਦਾ ਭਰਾ ਸਾਲਾ ਅਤੇ ਉਸਦੀ ਪਤਨੀ ਸਾਲੇਹਾਰ ਦੀ ਸਾਕਾਦਾਰੀ ਵਿੱਚ ਆਉਂਦੀ ਹੈ। ਦੂਜੇ ਪਾਸੇ ਪਤੀ ਦੀ ਭੈਣ ਨੂੰ ਨਨਾਣ ਦੇ ਸੰਬੋਧਨੀ ਸ਼ਬਦ ਨਾਲ ਸੱਦਿਆ ਜਾਂਦਾ ਹੈ ਅਤੇ ਉਸ ਦੇ ਘਰਵਾਲਾ ਨਣਦੋਈਆ ਬਣ ਜਾਂਦਾ ਹੈ। ਸਾਲੇਹਾਰ ਅਤੇ ਨਣਦੋਈਆ ਦੋਵੇਂ ਇਕ ਹੀ ਘਰ ਵਿੱਚ ਵਿਆਹੇ ਹੋਣ ਕਾਰਨ ਆਪਸ ਵਿੱਚ ਭੈਣ-ਭਰਾ ਦੀ ਸਾਕਾਦਾਰੀ ਵਿੱਚ ਆਉਂਦੇ ਹਨ। ਨਣਦੋਈਏ ਦੀ ਮੌਤ ਸਮੇਂ ਸਾਲੇਹਾਰ ਉਸਨੂੰ ਅਜਿਹੇ ਸੰਬੋਧਨਾਂ ਰਾਹੀਂ ਬੁਲਾਉਂਦੀ ਹੈ।

*ਵੇ ਸਹੁਰੇ ਨੇ ਟਿੱਕ ਸੀ ਸਹੇੜਿਆ ਵੇ,*

*ਵੇ ਰਾਜੇ ਸਹੁਰੇ ਘਰ ਢੁੱਕਿਆ ਭਾਈਆ।*

*ਵੇ ਕਿੱਥੇ ਚੜ੍ਹ ਕੇ ਦੇਵਾਂ ਦੁਹਾਈਆਂ ਵੇ*

*ਵੇ ਸਹੁਰੇ ਘਰ ਢੁੱਕਿਆ ਭਾਈਆ।*

ਇਸ ਪ੍ਰਕਾਰ ਪੰਜਾਬੀ ਸਮਾਜ ਵਿੱਚ ਨਣਦੋਈਏ ਅਤੇ ਸਾਲੇਹਾਰ ਦਾ ਆਪਸ ਵਿੱਚ ਭੈਣ-ਭਰਾ ਦਾ ਰਿਸ਼ਤਾ ਹੁੰਦਾ ਹੈ। ਦੋਵੇਂ ਇਕੋ ਘਰ ਵਿੱਚ ਵਿਆਹੇ ਹੋਣ ਕਾਰਨ ਭੈਣ-ਭਰਾ ਦੀ ਸਾਕਾਦਾਰੀ ਰਾਹੀਂ ਸਮਾਜਿਕ ਜੀਵਨ ਵਿੱਚ ਵਿਚਰਦੇ ਹਨ।

**ਕੁੜਮੋ-ਕੁੜਮੀ** :

ਪੰਜਾਬੀ ਸੱਭਿਆਚਾਰ ਦੇ ਸੰਦਰਭ ਵਿੱਚ ਵਿਆਹ ਦਾ ਰਿਸ਼ਤਾ ਗੰਢਣ ਸਮੇਂ ਦੋਨਾਂ ਪਰਿਵਾਰਾਂ ਦੇ ਖਾਨਦਾਨਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਜਾਤਾਂ-ਗੋਤਾਂ ਦਾ ਵੀ ਖ਼ਾਸ ਖ਼ਿਆਲ ਰੱਖਿਆ ਜਾਂਦਾ ਹੈ। ਕੁੜੀ-ਮੁੰਡੇ ਦੀ ਰਜ਼ਾਮੰਦੀ ਛਿੱਕੇ ਤੇ ਟੰਗ ਕੇ ਸਾਕ ਕੁੜਮਾਂ-ਕੜਮਾਂ ਦੇ ਹੀ ਹੁੰਦੇ ਹਨ। ਸਾਕ ਚਾਹੇ ਸਿੱਧੇ ਰੂਪ ਵਿੱਚ ਲੜਕੇ-ਲੜਕੀ ਦੇ ਹੁੰਦੇ ਹਨ ਪਰ ਅਸਿੱਧੇ ਰੂਪ ਵਿੱਚ

ਕੁੜਮਾਂ-ਕੁੜਮਾਂ ਦੇ ਹੁੰਦੇ ਹਨ।

*ਲੱਖ ਪੱਗਾਂ ਲੱਖ ਦਾਹੜੀਆਂ ਜੀ,*
*ਜੀ ਥੋੜੀਆਂ ਬੀਬੀਆਂ ਦਾਹੜੀਆਂ ਨੂੰ ਮਰਜਾਂਗੇ ਵੈਰਾਗੇ ਜੀ,*
*ਜੀ ਮੇਰੀ ਧੀ ਦੇ ਵਣਜਣ ਵਾਲਿਓ।*
*ਜੀ ਥੋੜੀ ਸੋਨੇ ਦੀ ਕੁਰਸੀ ਜੀ,*
*ਜੀ ਕੁਰਸੀ ਨੂੰ ਹੋਣ ਸਲਾਮਾਂ ਜੀ*
*ਜੀ ਥੋੜੀ ਨੇਕੀ ਨੂੰ ਸੁਣ ਕੇ ਜੀ,*
*ਜੀ ਰਾਹੀ ਦੂਰੋਂ ਆਉਂਦੇ ਜੀ,*
*ਜੀ ਤੁਸੀਂ ਸੱਥ ਵਿੱਚ ਬਹਿ ਜੋਂ ਜੀ,*
*ਜੀ ਭਾਈਆਂ ਦੇ ਨਿਆਉਂ ਚੁਕਾਓ ਜੀ,*
*ਉੱਚੀ ਜਿਹੀ ਮੱਤ ਵਾਲਿਓ।*

ਧੀ ਦਾ ਸਹੁਰਾ ਬਹੁਤੀ ਹੀ ਸਮਝਦਾਰ ਬਜ਼ੁਰਗ ਹੈ ਜਿਸਦੀ ਉਸ ਦੀ ਧੀ ਅਤੇ ਜਵਾਈ ਨੂੰ ਪਲ-ਪਲ ਲੋੜ ਹੈ। ਧੀ ਅਤੇ ਜਵਾਈ ਨੂੰ ਅਜੇ ਸਾਰੇ ਕੰਮਾਂ ਦਾ ਤਜਰਬਾ ਨਹੀਂ ਹੈ ਅਤੇ ਉਨ੍ਹਾਂ ਨੂੰ ਕਿਸੇ ਵੱਡੇ ਬਜ਼ੁਰਗ ਦੀ ਅਗਵਾਈ ਦੀ ਲੋੜ ਹੈ। ਉਨ੍ਹਾਂ ਦੀ ਇਸੇ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਸੱਸ ਕਹਿੰਦੀ ਹੈ:

*ਜੀ ਥੋਨੂੰ ਡੱਬੇ ਬੰਦ ਕਰਲੀਏ ਜੀ,*
*ਜੀ ਮੇਰੀ ਬੀਬੀ ਦੇ ਵਣਜਣ ਵਾਲਿਓ*
*ਜੀ ਕੱਢੀਏ ਔਖਿਆਂ ਕੰਮਾਂ ਦੇ ਵੇਲੇ*
*ਜੀ ਉੱਚੀ ਜਿਹੀ ਮੱਤ ਵਾਲਿਓ।*

ਇਸ ਪ੍ਰਕਾਰ ਧੀ ਵਾਲੀ ਧਿਰ ਲਈ ਧੀ ਦਾ ਸਹੁਰਾ ਇੱਜ਼ਤ ਦਾ ਪਾਤਰ ਹੈ ਜਿਸਦਾ ਸਨਮਾਨ ਕਿਸੇ ਰਾਜੇ-ਮਹਾਰਾਜੇ ਤੋਂ ਘੱਟ ਨਹੀਂ। ਇਸੇ ਤਰ੍ਹਾਂ ਧੀ ਦੀ ਸੱਸ ਵੀ ਸਨਮਾਨ ਦਾ ਦਰਜਾ ਰੱਖਦੀ ਹੈ। ਉਸਦੀ ਮੌਤ ਸਮੇਂ ਧੀ ਦੀ ਮਾਂ ਉਸ ਨੂੰ 'ਮੇਰੀ ਧੀ ਨੂੰ ਵਣਜਣ ਵਾਲੀਏ' ਸ਼ਬਦ ਵਰਤਦੀ ਹੈ।

ਉਪਰੋਕਤ ਰਿਸ਼ਤਿਆਂ ਦੇ ਵਰਨਣ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪਤੀ-ਪਤਨੀ ਦੋ ਅਜਿਹੇ ਸੂਤਰ ਹਨ ਜਿਨ੍ਹਾਂ ਦੇ ਦੁਆਲੇ ਸਾਰਾ ਸਾਕਾਦਾਰੀ ਪ੍ਰਬੰਧ ਘੁੰਮਦਾ ਹੈ। ਵਿਆਹ ਤੋਂ ਬਾਅਦ ਦੋਨੋਂ ਨਵੇਂ ਰਿਸ਼ਤਿਆਂ ਨੂੰ ਪ੍ਰਾਪਤ ਕਰਕੇ ਸਮਾਜਿਕ ਪ੍ਰਬੰਧ ਵਿੱਚ ਵਿਚਰਦੇ ਹਨ। ਮੌਤ ਸਮੇਂ ਦੇ ਕੀਰਨੇ ਹਰੇਕ ਰਿਸ਼ਤੇ ਦੀ ਸਮਾਜਿਕ ਭੂਮਿਕਾ ਅਤੇ ਸਭਿਆਚਾਰਿਕ ਸਾਰਥਕਤਾ ਨੂੰ ਬਾਖ਼ੂਬੀ ਬਿਆਨ ਕਰਦੇ ਹਨ। ਇਹਨਾਂ ਰਿਸ਼ਤਿਆਂ ਦੀ ਅਸਲੀ ਤਸਵੀਰ ਕੀਰਨਿਆਂ ਵਿਚ ਭਲੀ ਭਾਂਤ ਉਜਾਗਰ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਵਣਜਾਰਾ ਬੇਦੀ ਡਾ. ਸੁਹਿੰਦਰ ਸਿੰਘ (1978) ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਨਵੀਂ ਦਿੱਲੀ: ਲੋਕ ਪ੍ਰਕਾਸ਼ਨ, ਜਿਲਦ ਪਹਿਲੀ, ਪੰਨਾ: 119
2. ਡਾ. ਨਾਹਰ ਸਿੰਘ (1993) ਲੋਕ-ਕਾਵਿ ਦੀ ਸਿਰਜਨ ਪ੍ਰਕ੍ਰਿਆ, ਸਰਹਿੰਦ: ਲੋਕਗੀਤ ਪ੍ਰਕਾਸ਼ਨ, ਪੰਨਾ: 142
3. ਉਹੀ, ਪੰਨਾ: 154
4. ਅੰਮ੍ਰਿਤਾ ਪ੍ਰੀਤਮ (1970) ਪੰਜਾਬ ਦੀ ਆਵਾਜ਼, ਦਿੱਲੀ: ਨਵਯੁਗ ਪਬਲਿਸ਼ਰਜ਼, ਪੰਨਾ: 94
5. ਡਾ. ਨਾਹਰ ਸਿੰਘ (1993) ਲੋਕ ਕਾਵਿ ਦੀ ਸਿਰਜਨ ਪ੍ਰਕ੍ਰਿਆ, ਸਰਹਿੰਦ: ਲੋਕਗੀਤ ਪ੍ਰਕਾਸ਼ਨ, ਪੰਨਾ: 145
6. ਉਪਾਧਿਆਏ ਕ੍ਰਿਸ਼ਨ ਦੇਵ (1957), ਲੋਕ ਸਾਹਿਤਯ ਕੀ ਭੂਮਿਕਾ, ਇਲਾਹਾਬਾਦ: ਸਾਹਿਤਯ ਭਵਨ, ਪੰਨਾ: 99
7. ਅੰਮ੍ਰਿਤਾ ਪ੍ਰੀਤਮ (1970) ਮੌਲੀ ਤੇ ਮਹਿੰਦੀ, ਦਿੱਲੀ: ਨਵਯੁਗ ਪਬਲਿਸ਼ਰਜ਼, ਪੰਨਾ: 19.

***Cite this Article-***

*ਗੁਰਜੀਤ ਕੌਰ (Gurjeet Kaur), ਸਾਕਾਦਾਰੀ ਸੰਬੰਧਾਂ ਦੇ ਪ੍ਰਸੰਗ ਵਿੱਚ 'ਕੀਰਨਿਆਂ' ਦਾ ਅਧਿਐਨ (ਵਿਆਹ ਰਾਹੀਂ ਹੋਂਦ ਵਿੱਚ ਆਏ ਸਾਕਾਦਾਰੀ ਸੰਬੰਧਾਂ ਦੇ ਪ੍ਰਸੰਗ ਵਿੱਚ) SAAKADAARI SAMBANDHAA'N DE PARSANG VICH 'KEERNEYAA'N' DA ADHYAN (VIAH RAAHI'N HOND VICH AAYE SAAKADAARI SAMBANDHAA'N DE PARSANG VICH) ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 97-104.*

***Journal URL:*** [www.armaan.org.in](www.armaan.org.in)

***DOI:*** *https://doi.org/10.64119/armaan.vol.3.issue2.17*

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*